P.O. Regn. G/CHD/0090/2024-2026 ਭੇਟਾ 10/-

# ਗੁਰਬਾਣੀ ਚਾਨਣੁ

ਅੰਕ 02 ਨਾਨਕਸ਼ਾਹੀ ਸੰਮਤ 555 ਮਾਘ/ਫੱਗਣ ਫਰਵਰੀ, 2024 ਸਾਲ 42

**ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥ ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥ ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥ ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥ ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥ ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ ॥੨੯॥**

(ਅੰਗ-੯੨੧)

'ਗੁਰਬਾਣੀ ਇਸੁ ਜਗ ਮਹਿ ਚਾਨਣੁ'
ਪ੍ਰਚਾਰ ਤੇ ਪ੍ਰਸਾਰ ਸੰਸਥਾ
ਭਵਨ ਨੰ. 6, ਫੇਜ 3-ਏ, ਐਸ.ਏ.ਐਸ.ਨਗਰ (ਮੋਹਾਲੀ)
ਫੋਨ ਨੰ. 0172-2913729, 98156-50812

ੴ ਸਤਿਗੁਰ ਪ੍ਰਸਾਦਿ ॥

**ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥**
**ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥**

(ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧ ॥, ਅੰਗ-੭੯੬)


**ਸੰਸਥਾ ਦੇ ਕਾਰਜਾਂ ਲਈ ਬੈਂਕ ਵਿੱਚ ਸਹਾਇਤਾ ਰਾਸ਼ੀ ਭੇਜਣ ਲਈ ਪਤਾ :**

**Bank A/C Name : Gurbani Iss Jag Meh Chanan**
**Bank Name : Panjab National Bank (Phase-1, Mohali)**
**Bank A/c No : 1155000100132409**
**IFSC Code : PUNB0040810**
**SWIFT Code (FOR FOREIGN REMITTENCE) : PUNBINBBMOH**



**Ph.No. 0172-2913729, 98156-50812**
**E-mail : gurbanichanan1125@gmail.com**



**ਬਾਨੀ** (Founder) **: ਗੁਰਪੁਰਵਾਸੀ ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ**
**ਮੁੱਖ ਸੇਵਾਦਾਰ : ਸ.ਕੁਲਬੀਰ ਸਿੰਘ**
**ਮੁੱਖ ਸੰਪਾਦਕ : ਡਾ.ਪਰਮਜੀਤ ਸਿੰਘ ਸਹਿ ਸੰਪਾਦਕ : ਡਾ.ਗੁਰਬਚਨ ਸਿੰਘ**
**ਸੰਪਾਦਕੀ ਬੋਰਡ : ਸ.ਹਰੀ ਸਿੰਘ ਕੁਵੈਤ ਵਾਲੇ, ਸ.ਗੁਲਜਾਰ ਸਿੰਘ**


## ਤਤਕਰਾ


| | | |
|---|---|---|
| 1. ਮੋਹ-ਫਾਸ | ਡਾ.ਪਰਮਜੀਤ ਸਿੰਘ | 03 |
| 2. ਬਿਰਹੁੰ ਭੁਯੰਗਮੁ | ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ | 08 |
| 3. ਸਿਹਤ ਸੰਭਾਲ (ਅਸਗੰਧ ਜਾਂ ਅਸ਼ਵਗੰਧਾ) | ਵੈਦਰਾਜ ਸੁਰਿੰਦਰ ਸਿੰਘ | 14 |
| 4. ਭੋਲੇ ਭਾਇ ਮਿਲੇ ਰਘੁਰਾਇਆ | ਸ.ਹਰੀ ਸਿੰਘ | 17 |
| 5. ਮੋਰਚਾ ਗੁਰਦੁਆਰਾ ਗੰਗਸਰ ਜੈਤੋਂ | ਡਾ.ਗੁਰਬਚਨ ਸਿੰਘ | 19 |
| 6. ਅਹੰਕਾਰ | ਸ.ਅਮਰੀਕ ਸਿੰਘ | 30 |
| 7. ਖਬਰਾਵਲੀ | ਸੰਪਾਦਕ | 35 |



ਨੋਟ : ਪਰਚੇ ਵਿਚ ਛਪੇ ਲੇਖਾਂ ਵਿਚ ਲੇਖਕਾਂ ਦੇ ਆਪਣੇ ਵਿਚਾਰ ਹਨ। ਬੇਸ਼ਕ ਸਾਰੇ ਲੇਖ ਪੂਰੀ ਛਾਣ-ਬੀਨ ਤੋਂ ਬਾਅਦ ਛਾਪੇ ਜਾਂਦੇ ਹਨ, ਪਰ ਫੇਰ ਵੀ ਸੰਪਾਦਕੀ ਬੋਰਡ ਦਾ ਇਨ੍ਹਾਂ ਨਾਲ ਸਹਿਮਤ ਹੋਣਾ ਜਰੂਰੀ ਨਹੀਂ ।



ਪ੍ਰਿੰਟਰ ਅਤੇ ਪਬਲਿਸ਼ਰ **ਡਾ.ਪਰਮਜੀਤ ਸਿੰਘ** ਨੇ **"ਗੁਰਬਾਣੀ ਇਸੁ ਜਗ ਮਹਿ ਚਾਨਣੁ"** ਪ੍ਰਚਾਰ ਤੇ ਪ੍ਰਸਾਰ ਸੰਸਥਾ ਵਾਸਤੇ ਮਜੈਸਟਿਕ ਪ੍ਰਿੰਟਿੰਗ ਪ੍ਰੈਸ, ਮੋਹਾਲੀ ਤੋਂ ਛਪਵਾ ਕੇ ਸੰਸਥਾ ਦੇ ਦਫਤਰ ਭਵਨ ਨੰ.6, ਫੇਜ਼-3-ਏ, ਮੋਹਾਲੀ (ਪੰਜਾਬ) ਤੋਂ ਪ੍ਰਕਾਸ਼ਿਤ ਕੀਤਾ।

# ਮੋਹ-ਫਾਸ

## (ਭਗਤ ਰਵਿਦਾਸ ਜੀ ਦੀ ਬਾਣੀ ਤੇ ਆਧਾਰਿਤ)

-ਡਾ.ਪਰਮਜੀਤ ਸਿੰਘ, ਮੋ : 87259-00257

ਭਾਈ ਕਾਨ੍ਹ ਸਿੰਘ ਜੀ ਨਾਭਾ ਗੁਰਮਤਿ ਮਾਰਤੰਡ ਵਿੱਚ ਮੋਹ ਦੀ ਪਰਿਭਾਸ਼ਾ ਕਰਦੇ ਹੋਏ ਲਿਖਦੇ ਹਨ :

'ਆਪਣੇ ਫਰਜ਼ ਦੇ ਪਾਲਣ ਵਾਸਤੇ ਯੋਗ ਸਨੇਹ ਅਰ ਪ੍ਰੇਮ ਕਰਨਾ ਮੋਹ ਨਹੀਂ, ਅਗਯਾਨ ਕਰਕੇ ਜਗਤ ਪਦਾਰਥਾਂ ਵਿੱਚ ਮਨ ਨੂੰ ਖਚਿਤ ਕਰਕੇ ਲੰਪਟ ਹੋ ਜਾਣ ਦਾ ਨਾਉਂ ਮੋਹ ਹੈ।'

ਗੁਰੂ ਅਮਰਦਾਸ ਜੀ ਅਨੰਦ ਸਾਹਿਬ ਦੀ ਬਾਣੀ ਵਿੱਚ ਮਾਇਆ ਦੇ ਮੋਹ ਦੀ ਬੜੀ ਸੁੰਦਰ ਵਿਆਖਿਆ ਕਰਦੇ ਹੋਏ ਫੁਰਮਾਂਦੇ ਹਨ :

**ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥ ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥ ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥ ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥ ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥ ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ ॥੨੯॥** (ਅੰਗ-੯੨੧)

ਗੁਰੂ ਜੀ ਆਖਦੇ ਹਨ ਕਿ ਜਿਸ ਤਰ੍ਹਾਂ ਮਾਤਾ ਦੇ ਪੇਟ ਦੀ ਅਗਨ ਹੈ, ਉਸੇ ਤਰ੍ਹਾਂ ਬਾਹਰ ਮਾਇਆ ਦੀ ਅਗਨ ਹੈ। ਇਹ ਦੋਵੇਂ ਇੱਕ ਸਮਾਨ ਹਨ ਅਤੇ ਇਹ ਸਾਰਾ ਖੇਲ ਕਰਤਾ ਪੁਰਖ ਦਾ ਆਪ ਰਚਾਇਆ ਹੋਇਆ ਹੈ। ਪਰਮੇਸ਼ਰ ਦੇ ਭਾਣੇ ਵਿੱਚ ਜੀਵ ਇਸ ਸੰਸਾਰ ਵਿੱਚ ਜਨਮ ਲੈਂਦਾ ਹੈ ਅਤੇ ਪਰਿਵਾਰ ਨੂੰ ਖੁੱਸ਼ੀ ਹੁੰਦੀ ਹੈ। ਪਰ ਜਦੋਂ ਜੀਵ ਦੀ ਲਿਵ ਜੋ ਪਹਿਲਾਂ ਪਰਮਾਤਮਾ ਦੇ ਨਾਲ ਜੁੱੜੀ ਹੋਈ ਸੀ, ਉਸ ਦੀ ਮਾਤਾ ਦੇ ਪੇਟ ਦੀ ਅਗਨ ਵਿੱਚ ਸੜਨ ਤੋਂ ਰੱਖਿਆ ਕਰ ਰਹੀ ਸੀ, ਉਹ ਜਨਮ ਲੈਣ ਸਾਰ ਸੰਸਾਰ ਦੇ ਵਿੱਚ ਆਉਂਦਿਆਂ ਹੀ ਟੁੱਟ ਗਈ ਅਤੇ ਮਾਇਆ ਦਾ ਹੁਕਮ ਵਰਤ ਗਿਆ।

ਅਗਲੇ ਬੰਦ ਰਾਹੀਂ ਗੁਰੂ ਜੀ ਸਪਸ਼ਟ ਕਰਦੇ ਹਨ ਕਿ ਬੱਸ ਇਸੇ ਮਾਇਆ ਦੇ ਅਸਰ ਨੇ ਪਰਮੇਸ਼ਰ ਨਾਲੋਂ ਲਿਵ ਤੋੜ ਕੇ ਦੂਜੇ ਭਾਵ ਅਰਥਾਤ ਪਦਾਰਥ ਦੇ ਮੋਹ ਨਾਲ ਜੋੜ ਦਿੱਤਾ। ਇਸ ਲਈ ਹਰੀ ਪ੍ਰਭੂ ਨੂੰ ਵਿਸਾਰਨ ਤੇ ਹੀ ਮਾਇਆ ਦਾ ਮੋਹ ਪੈਦਾ ਹੋਇਆ। ਪਰ ਗੁਰੂ ਦੀ ਕ੍ਰਿਪਾ ਨਾਲ ਜਿਨ੍ਹਾਂ ਦੀ ਲਿਵ ਪਰਮੇਸ਼ਰ ਨਾਲ ਲੱਗੀ ਰਹਿੰਦੀ ਹੈ, ਉਹ ਇਸ ਮਾਇਆ ਦੇ

ਮੋਹ ਵਿੱਚ ਰਹਿੰਦੇ ਹੋਏ ਵੀ ਪਰਮੇਸ਼ਰ ਦੀ ਕ੍ਰਿਪਾ ਨਾਲ ਸ਼ਕਤੀ ਪ੍ਰਾਪਤੀ ਕਰ ਲੈਂਦੇ ਹਨ।

ਭਗਤ ਨਾਮਦੇਵ ਜੀ ਨੇ ਮਾਇਆ ਨੂੰ ਗਰਭ ਜੋਨ ਦਾ ਨਾਮ ਦਿੱਤਾ ਹੈ। ਭਗਤ ਰਵਿਦਾਸ ਜੀ ਨੇ ਮਾਇਆ ਦੇ ਇਸ ਮੋਹ ਫਾਸ ਨੂੰ ਜਾਣ ਲਿਆ ਸੀ ਅਤੇ ਮਾਇਆ ਦੀ ਤੁਲਨਾ ਬਿਖ ਨਾਲ ਕੀਤੀ ਹੈ। ਭਗਤ ਜੀ ਆਖਦੇ ਹਨ ਕਿ ਸਾਰਾ ਸੰਸਾਰ ਬਿਖ ਹੀ ਲੱਦੀ ਜਾ ਰਿਹਾ ਹੈ, ਜਦ ਕਿ ਉਨ੍ਹਾਂ ਨੇ ਰਾਮ ਦੇ ਨਾਮ ਦੇ ਧਨ ਨੂੰ ਹੀ ਇਕੱਠਾ ਕੀਤਾ ਹੈ।

**ਹਉ ਬਨਜਾਰੋ ਰਾਮ ਕੋ ਸਹਜ ਕਰਉ ਬ੍ਯ੍ਾਪਾਰੁ ॥**
**ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ ॥੨॥** (ਅੰਗ-੩੪੬)

ਇਹ ਮਾਇਆ ਅਸਲ ਵਿੱਚ ਕਈ ਰੰਗਾਂ, ਰੂਪਾਂ ਤੇ ਜਿਨਸਾਂ ਵਿੱਚ ਫੈਲੀ ਹੋਈ ਹੈ ਜਿਸ ਦਾ ਪਾਰ ਪਾਉਣਾ ਆਸਾਨ ਨਹੀਂ, '**ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥**' ਭਗਤ ਰਵਿਦਾਸ ਜੀ ਵੀ ਆਖਦੇ ਹਨ ਕਿ ਇਹ ਮਾਇਆ ਅਨੇਕਾਂ ਰੂਪਾਂ ਵਿੱਚ ਇਸ ਸੰਸਾਰ ਦੇ ਜੀਵਾਂ ਨੂੰ ਭਰਮਾ ਰਹੀ ਹੈ ਜਿਵੇਂ ਧੰਨ-ਦੌਲਤ, ਸੰਪਤੀ, ਵਿਸ਼ੇ-ਵਿਕਾਰ, ਭਰਮ, ਸਰੀਰਕ ਤੇ ਪਰਿਵਾਰਿਕ ਮੋਹ, ਅਗਿਆਨਤਾ ਤੇ ਇਹ ਮਾਦੀ ਸੰਸਾਰ ਸਾਰੇ ਮਾਇਆ ਦੇ ਰੂਪ ਹਨ। ਇਸ ਲਈ ਭਗਤ ਜੀ ਨੇ ਮਾਇਆ ਦੇ ਇਸ ਸਾਰੇ ਰੂਪਾਂ ਤੋਂ ਬਚ ਕੇ ਕੇਵਲ ਇੱਕ ਰਾਮ ਨਾਮ ਦੀ ਓਟ ਲੈਣ ਦਾ ਉਪਦੇਸ਼ ਦਿੱਤਾ ਹੈ। ਜਦ ਕਿ ਸਾਰੇ ਸੰਸਾਰ ਨੂੰ ਮਾਇਆ ਦੇ ਮੋਹ ਨੇ ਫਸਾਇਆ ਹੋਇਆ ਹੈ ਤੇ ਜੀਵ ਲੁੱਟੇ ਜਾ ਰਹੇ ਹਨ। ਪਰ ਭਗਤ ਜੀ ਆਖਦੇ ਹਨ ਕਿ ਉਹ ਰਾਮ ਦਾ ਨਾਮ ਜਪਣ ਕਰਕੇ ਇਸ ਮਾਇਆ ਦੇ ਮੋਹ ਦੀ ਫਾਸੀ ਤੋਂ ਛੁੱਟ ਗਏ ਹਨ :

**ਕਹਿ ਰਵਿਦਾਸ ਸਭੈ ਜਗੁ ਲੂਟਿਆ ॥ ਹਮ ਤਉ ਏਕ ਰਾਮੁ ਕਹਿ ਛੂਟਿਆ ॥**
(ਅੰਗ-੭੯੪)

**ਜਨ ਰਵਿਦਾਸ ਰਾਮ ਰੰਗਿ ਰਾਤਾ ॥ ਇਉ ਗੁਰ ਪਰਸਾਦਿ ਨਰਕ ਨਹੀ ਜਾਤਾ ॥**
(ਅੰਗ-੪੯੭)

ਪੰਜੇ ਵਿਕਾਰਾਂ ਵਿੱਚ ਮਲੀਨ ਹੋਈ ਬੁੱਧੀ ਪਰਮਾਤਮਾ ਦੀ ਗਤਿ ਨਹੀਂ ਜਾਣ ਸਕਦੀ।

**ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ ॥** (ਅੰਗ-੩੪੬)

ਅਗਿਆਨਤਾ ਦੇ ਵਸ ਹੋਇਆ ਜੀਵ ਆਪਣੇ ਅਸਲੇ ਨੂੰ ਭੁੱਲ ਕੇ ਮਾਇਆ ਵਿੱਚ ਖਚਿਤ ਰਹਿੰਦਾ ਹੈ। ਰਵਿਦਾਸ ਜੀ ਆਖਦੇ ਹਨ ਕਿ ਅਬਿਦਿਆ ਕਾਰਨ ਮਨੁੱਖ ਨੇ ਆਪਣੇ ਬਿਬੇਕ ਨੂੰ ਧੁੰਦਲਾ ਕਰ ਲਿਆ ਹੈ, ਜਿਸ ਕਰਕੇ ਉਸ ਵਿਚੋਂ ਸ਼ੁੱਧ ਚਾਨਣ ਬਾਹਰ ਨਹੀਂ ਆਉਂਦਾ।

**ਮਾਧੋ ਅਬਿਦਿਆ ਹਿਤ ਕੀਨ ॥ ਬਿਬੇਕ ਦੀਪ ਮਲੀਨ ॥੧॥** (ਅੰਗ-੪੮੬)

ਇਸ ਲਈ ਭਗਤ ਜੀ ਆਖਦੇ ਹਨ ਕਿ ਮਾਇਆ ਦੇ ਮੋਹ ਦਾ ਤਿਆਗ ਕਰਕੇ ਪ੍ਰੇਮ ਦੀ ਜੇਵਰੀ ਬਾਂਧੇ ਹੀ ਛੁਟਕਾਰਾ ਹੋ ਸਕਦਾ ਹੈ :

**ਸੰਪਤਿ ਬਿਪਤਿ ਪਟਲ ਮਾਇਆ ਧਨੁ ॥ ਤਾ ਮਹਿ ਮਗਨ ਹੋਤ ਨ ਤੇਰੋ ਜਨੁ ॥**

(ਅੰਗ-੪੮੭)

ਇਹ ਮਾਇਆ ਦੇ ਮੋਹ ਦੀ ਫਾਸ ਕਰਕੇ ਜੀਵ ਦੀ ਮੱਤ ਉੱਤੇ ਹਉਮੈ ਦਾ ਪਰਦਾ ਪਿਆ ਰਹਿੰਦਾ ਹੈ ਤੇ ਇਹ ਉਸ ਲਈ ਪਰਮੇਸ਼ਰ ਤੋਂ ਦੂਰੀ ਦਾ ਕਾਰਣ ਬਣ ਜਾਂਦਾ ਹੈ। ਭਗਤ ਜੀ ਆਖਦੇ ਹਨ ਕਿ ਜਦ ਮੈਂ ਆਪਣੀ ਹਉਮੈਂ ਵਿੱਚ ਹੁੰਦਾ ਹਾਂ ਤਾਂ ਤੇਰਾ ਦੀਦਾਰ ਨਹੀਂ ਨਸੀਬ ਹੁੰਦਾ ਪਰ ਜਦੋਂ ਤੂੰ ਹੀ ਤੂੰ ਹੁੰਦਾ ਹੈ ਤਾਂ ਮੈਨੂੰ ਤੇਰੇ ਪਿਆਰ ਦੀ ਝਲਕ ਅਨੁਭਵ ਹੁੰਦੀ ਹੈ :

**ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥**
**ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ ॥੧॥**
**ਮਾਧਵੇ ਕਿਆ ਕਹੀਐ ਭ੍ਰਮੁ ਐਸਾ॥ ਜੈਸਾ ਮਾਨੀਐ ਹੋਇ ਨ ਤੈਸਾ ॥੧॥**(ਅੰਗ-੬੫੭)

ਹੇ ਮਾਧਵੇ ਜਿਸ ਵੇਲੇ ਅਸੀਂ ਆਪਣੀ ਹਉਮੈਂ ਵਿੱਚ ਜਕੜੇ ਹੁੰਦੇ ਹਨ ਤਦ ਤੂੰ ਸਾਡੇ ਹਿਰਦੇ ਵਿੱਚ ਨਹੀਂ ਵਸਦਾ। ਪਰ ਹੁਣ ਅਜਿਹੀ ਅਵਸਥਾ ਬਣ ਗਈ ਹੈ ਕਿ ਹੁਣ ਤੂੰ ਹੀ ਤੂੰ ਹੈ, ਮੈਂ ਨਹੀਂ ਹਾਂ ਅਰਥਾਤ ਮੇਰੀ ਮੈਂ ਰੂਪੀ ਹਉਮੈਂ ਮੁੱਕ ਗਈ ਹੈ। ਕੁੱਝ ਉਦਾਹਰਣਾਂ ਦੇ ਕੇ ਆਪ ਜੀ ਸਪਸ਼ਟ ਕਰਦੇ ਹਨ :

ਜਿਵੇਂ ਹਵਾ ਦੇ ਚਲਣ ਨਾਲ ਸਮੁੰਦਰ ਵਿੱਚ ਲਹਿਰਾਂ ਉਪਜਦੀਆਂ ਹਨ ਅਤੇ ਉਹ ਸਮੁੰਦਰ ਤੋਂ ਵੱਖ ਨਹੀਂ ਹੁੰਦੀਆਂ, ਉਹ ਕੇਵਲ ਪਾਣੀ ਦੇ ਅੰਦਰ ਚਲ ਰਹੀਆਂ ਪਾਣੀ ਦੀਆਂ ਲਹਿਰਾਂ ਹੀ ਹੁੰਦੀਆਂ ਹਨ। ਇਸ ਲਈ ਲਹਿਰਾਂ ਦੇ ਪਾਣੀ ਅਤੇ ਸਮੁੰਦਰ ਦੇ ਪਾਣੀ ਵਿੱਚ ਕੋਈ ਭਿੰਨਤਾ ਨਹੀਂ ਹੁੰਦੀ।

ਦੂਜੀ ਉਦਾਹਰਣ ਰਾਹੀਂ ਆਪ ਸਮਝਾ ਰਹੇ ਹਨ ਕਿ ਜਿਸ ਤਰ੍ਹਾਂ ਕੋਈ ਰਾਜਾ ਤਖਤ ਉੱਤੇ ਬੈਠਾ ਹੋਇਆ ਸੌ ਗਿਆ ਹੋਵੇ ਅਤੇ ਸੁਪਨੇ ਵਿੱਚ ਭਿਖਾਰੀ ਬਣ ਜਾਵੇ ਅਤੇ ਰਾਜ ਦੇ ਵਿਛੋੜੇ ਕਾਰਣ ਦੁੱਖ ਪਾਵੇ ਇਹੋ ਜਿਹੀ ਸਾਡੀ ਹਾਲਤ ਹੈ।

ਤੀਜੀ ਉਦਾਹਰਣ ਰਾਹੀਂ ਆਪ ਜੀ ਫੁਰਮਾਂਦੇ ਹਨ ਕਿ ਜਿਵੇਂ ਹਨੇਰੇ ਵਿੱਚ ਪਈ ਹੋਈ ਰੱਸੀ ਸੱਪ ਵਾਂਗ ਪ੍ਰਤੀਤ ਹੋਵੇ ਪਰ ਉਹ ਸੱਪ ਨਹੀਂ ਕੇਵਲ ਰੱਸੀ ਹੀ ਹੈ।

ਸੋ ਇਹ ਸਾਰਾ ਕੁਝ ਸਾਡੇ ਜੀਵਾਂ ਦਾ ਆਪਣਾ ਹੀ ਪਾਲਿਆ ਹੋਇਆ ਭਰਮ ਹੈ ਜਿਸ ਦੇ ਬਾਰੇ ਵਿੱਚ ਹੇ ਮਾਧੋ ! ਇਹ ਪਏ ਹੋਏ ਭਰਮ ਬਾਰੇ ਕਹੀਏ, ਜਿਹੋ ਜਿਹਾ ਅਸੀਂ ਮੰਨਦੇ ਹਾਂ, ਅਸਲ ਵਿੱਚ ਉਹੋ ਜਿਹਾ ਨਹੀਂ ਹੁੰਦਾ ਹੈ, ਜਿਸ ਨੂੰ ਅਬਿਦਿਆ ਦੇ ਭਰਮ ਕਰਕੇ ਅਸੀਂ

ਸਮਝ ਨਹੀਂ ਸਕਦੇ। ਬੱਸ ਇਹੀ ਇੱਕ ਮਾਇਆ ਦੇ ਮੋਹ ਦਾ ਭਰਮ ਹੈ ਸਾਡੇ ਅਤੇ ਪਰਮਾਤਮਾ ਦੇ ਵਿਚਕਾਰ ਵਿੱਥ ਹੈ ਅਤੇ ਮਿਲਾਪ ਦੇ ਰਸਤੇ ਦੀ ਰੁਕਾਵਟ ਹੈ।

ਹੇ ਪ੍ਰਭੂ ਵਿਸ਼ਿਆਂ ਦੇ ਰੂਪ ਵਿੱਚ ਪਸਰੀ ਹੋਈ ਮਾਇਆ ਵੀ ਸਾਨੂੰ ਤੰਗ ਕਰਦੀ ਹੈ। ਜਿਸ ਵਿਚੋਂ ਨਿਕਲਣ ਲਈ ਕੋਈ ਆਰ ਪਾਰ ਵੀ ਨਹੀਂ ਸੁਝਦਾ।

**ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ ॥**
**ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ ॥੧॥**
**ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ ॥੧॥** (ਅੰਗ-੩੪੬)

ਹੇ ਮੇਰੇ ਮਾਧੋ ! ਤੂੰ ਸਾਰੇ ਭਵਨਾਂ ਦਾ ਸੁਆਮੀ ਹੈਂ। ਮੇਰੇ ਤੇ ਕਿਰਪਾ ਕਰੋ ਤੇ ਮੈਨੂੰ ਆਪਣਾ ਦਰਸ ਦਿਖਾਉ। ਮੇਰੀ ਹਾਲਤ ਤਾਂ ਇਹ ਹੈ ਕਿ ਜਿਵੇਂ ਕੋਈ ਖੂਹ ਡੱਡੂਆਂ ਨਾਲ ਭਰਿਆ ਪਿਆ ਹੋਵੇ, ਉਹ ਆਪਣੇ ਦੇਸ ਪਰਦੇਸ ਨੂੰ ਨਹੀਂ ਸਮਝਦਾ, ਉਸੇ ਤਰ੍ਹਾਂ ਮੇਰਾ ਮਨ ਅਨੇਕਾਂ ਵਿਸ਼ਿਆਂ ਨਾਲ ਪੂਰੀ ਤਰ੍ਹਾਂ ਮੋਹਿਆ ਹੋਇਆ ਹੈ। ਜਿਸ ਕਾਰਣ ਉਸ ਨੂੰ ਆਰ ਜਾਂ ਪਾਰ ਕੁੱਝ ਵੀ ਪਤਾ ਨਹੀਂ ਲੱਗਦਾ। ਮਾਧੋ ਜੀ ਮੇਰੀ ਮੱਤ ਇਨ੍ਹਾਂ ਮਾਇਆ ਦੇ ਵਿਸ਼ਿਆਂ ਕਰਕੇ ਮਲੀਨ ਹੋ ਗਈ ਹੈ ਅਤੇ ਤੇਰੀ ਗਤ ਨਹੀਂ ਲਖੀ ਜਾ ਸਕਦੀ। ਇਸ ਲਈ ਕਿਰਪਾ ਕਰਕੇ ਸੁਮੱਤ ਬਖਸ਼ੋ। ਮੈਂ ਤੇਰਾ ਭੇਦ ਨਹੀਂ ਪਾ ਸਕਦਾ, ਤੁਸੀਂ ਆਪ ਹੀ ਕ੍ਰਿਪਾ ਕਰਕੇ ਇਨ੍ਹਾਂ ਮਾਇਆ ਦੇ ਵਿਸ਼ਿਆਂ ਦੇ ਮੋਹ ਤੋਂ ਬਚਾ ਕੇ ਆਪਣੀ ਪ੍ਰੇਮਾ ਭਗਤੀ ਬਖਸ਼ ਦਿਓ।

ਸੰਸਾਰ ਦੇ ਵਪਾਰੀਆਂ ਦੀ ਉਦਾਹਰਣ ਰਾਹੀਂ ਭਗਤ ਜੀ ਆਖਦੇ ਹਨ ਕਿ ਜਿਥੇ ਸੰਸਾਰ ਮਾਇਆ ਰੂਪੀ ਬਿਖ ਦਾ ਵਪਾਰ ਕਰਦਾ ਹੈ, ਉਨ੍ਹਾਂ ਨੇ ਰਾਮ ਦੇ ਨਾਮ ਦਾ ਹੀ ਵਪਾਰ ਕੀਤਾ ਹੈ। ਆਪ ਜੀ ਇਸ ਸੰਬੰਧੀ ਇੱਕ ਸ਼ਬਦ ਰਾਹੀਂ ਸਾਨੂੰ ਉਪਦੇਸ਼ ਦਿੰਦੇ ਹੋਏ ਆਖਦੇ ਹਨ :

**ੴ ਸਤਿਗੁਰ ਪ੍ਰਸਾਦਿ ॥ ਗਉੜੀ ਬੈਰਾਗਣਿ ਰਵਿਦਾਸ ਜੀਉ ॥ ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ ॥ ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ ॥੧॥ ਕੋ ਬਨਜਾਰੋ ਰਾਮ ਕੋ ਮੇਰਾ ਟਾਂਡਾ ਲਾਦਿਆ ਜਾਇ ਰੇ ॥੧॥ ਰਹਾਉ ॥ ਹਉ ਬਨਜਾਰੋ ਰਾਮ ਕੋ ਸਹਜ ਕਰਉ ਬ੍ਯ੍ਯਾਪਾਰੁ ॥ ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ ॥੨॥ ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਤਾਲੁ ॥ ਮੋਹਿ ਜਮ ਡੰਡੁ ਨ ਲਾਗਈ ਤਜੀਲੇ ਸਰਬ ਜੰਜਾਲ ॥੩॥ ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ ॥ ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ ॥੪॥** (ਅੰਗ-੩੪੬)

ਭਗਤ ਜੀ ਦੇ ਸਮੇਂ ਵਪਾਰੀ ਆਪਣੇ ਟਾਂਡੇ ਸਮੇਤ ਇੱਕ ਥਾਂ ਤੋਂ ਦੂਜੀ ਥਾਂ ਤੇ ਜਾ ਕੇ

ਸਮਾਨ ਦੀ ਖਰੀਦੋ ਫਰੋਖਤ ਦਾ ਵਪਾਰ ਕਰਦੇ ਸਨ। ਜੰਗਲੀ ਤੇ ਸੁੰਨਸਾਨ ਦੇ ਇਲਾਕਿਆ ਵਿਚੋਂ ਲੰਘਦੇ ਹੋਏ ਇਨ੍ਹਾਂ ਵਪਾਰੀਆਂ ਨੂੰ ਡਾਕੂਆਂ ਦੁਆਰਾ ਲੁੱਟ ਖੋਹ ਦਾ ਡਰ ਵੀ ਰਹਿੰਦਾ ਸੀ, ਜਿਸ ਕਾਰਣ ਉਹ ਆਪਣੇ ਇਸ਼ਟ ਪਾਸ ਬੇਨਤੀ ਕਰਦੇ ਸਨ। ਪਰ ਭਗਤ ਜੀ ਇਸ ਦਾ ਪ੍ਰਤੀਕ ਲੈ ਕੇ ਆਪਣੇ ਜੀਵਨ ਦੀ ਨਾਮ ਰੂਪੀ ਪੂੰਜੀ ਨੂੰ ਮਾਇਆ ਦੇ ਵਿਕਾਰਾਂ ਰੂਪੀ ਲੁਟੇਰੇ ਡਾਕੂਆਂ ਪਾਸੋਂ ਰੱਖਿਆ ਲਈ ਆਪਣੇ 'ਮੁਰਾਰ' ਪਾਸ ਬੇਨਤੀ ਕਰਦੇ ਹਨ। ਭਗਤ ਜੀ ਆਖਦੇ ਹਨ ਕਿ ਮੈਂ ਤਾਂ ਰਾਮ ਦੇ ਨਾਮ ਦਾ ਵਪਾਰ ਕਰਦਾ ਹਾਂ ਅਤੇ ਜੀਵਨ ਭਰ ਰਾਮ ਦੇ ਨਾਮ ਦਾ ਧਨ ਹੀ ਲੱਦਿਆ ਹੈ ਜਦ ਕਿ ਸੰਸਾਰ ਨੇ ਵਿਕਾਰਾਂ ਰੂਪੀ ਜ਼ਹਿਰ ਦਾ ਮਾਲ ਇਕੱਠਾ ਕੀਤਾ ਹੈ। ਇਸ ਲਈ ਮੈਨੂੰ ਕਿਸੇ ਜਨਮ ਦੇ ਦੰਡ ਦਾ ਕੋਈ ਡਰ ਨਹੀਂ। ਆਪ ਫੁਰਮਾਂਦੇ ਹਨ ਕਿ ਸੰਸਾਰ ਝੂਠੇ ਵਣਜ ਵਿੱਚ ਉਲਝਿਆ ਪਿਆ ਹੈ ਅਤੇ ਇਸ ਝੂਠੇ ਵਣਜ ਕਰਦਾ ਹੋਇਆ ਇਸ ਸੰਸਾਰ ਤੋਂ ਕੂਚ ਕਰ ਜਾਂਦਾ ਹੈ ਤੇ ਅੰਤ ਧਰਮਰਾਜ ਦੇ ਦਰ ਤੇ ਉਨ੍ਹਾਂ ਦਾ ਲੇਖਾ ਵੇਖਿਆ ਜਾਂਦਾ ਹੈ।.

**ਜੋਈ ਜੋਈ ਜੋਰਿਓ ਸੋਈ ਸੋਈ ਫਾਟਿਓ ॥ ਝੂਠੈ ਬਨਜਿ ਉਠਿ ਹੀ ਗਈ ਹਾਟਿਓ ॥੨॥ ਕਹੁ ਰਵਿਦਾਸ ਭਇਓ ਜਬ ਲੇਖੋ ॥ ਜੋਈ ਜੋਈ ਕੀਨੋ ਸੋਈ ਸੋਈ ਦੇਖਿਓ ॥** (ਅੰਗ-੧੨੯੩)

ਇਸ ਮਾਇਆ ਦੇ ਮੋਹ ਦੀ ਫਾਸੀ ਤੋਂ ਬਚਣ ਦਾ ਇਹੋ ਇੱਕ ਤਰੀਕਾ ਸਾਧ-ਸੰਗਤ ਹੈ ਜਿਸ ਨਾਲ ਲੱਗ ਕੇ ਨਾਮ ਦਾ ਜਾਪ ਕੀਤਾ ਜਾਵੇ।

**ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ ॥**
**ਸਾਧਸੰਗਤਿ ਪਾਈ ਪਰਮ ਗਤੇ ॥ ਰਹਾਉ ॥** (ਅੰਗ-੧੨੯੩)

**ਸਾਧਸੰਗਤਿ ਬਿਨਾ ਭਾਉ ਨਹੀ ਊਪਜੈ ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥**
**ਕਹੈ ਰਵਿਦਾਸੁ ਇਕ ਬੇਨਤੀ ਹਰਿ ਸਿਉ ਪੈਜ ਰਾਖਹੁ ਰਾਜਾ ਰਾਮ ਮੇਰੀ ॥੨॥**
(ਅੰਗ-੬੯੪)

ਸਾਰ ਇਹ ਹੈ ਕਿ ਸਾਧ-ਸੰਗਤ ਵਿੱਚ ਜੁੜਨ ਨਾਲ ਪ੍ਰੇਮਾ-ਭਗਤੀ ਪੈਦਾ ਹੁੰਦੀ ਹੈ, ਫਿਰ ਇਹੀ ਭਗਤੀ ਭਾਵ ਵਾਲੇ ਨਾਮ ਸਿਮਰਨ ਨਾਲ ਭਿਜੇ ਜੀਵਾਂ ਉਪਰ ਮਾਇਆ ਦਾ ਮੋਹ ਫਾਸੀ ਨਹੀਂ ਬਣਦਾ। ਸਗੋਂ ਉਹ ਗ੍ਰਹਿਸਤ ਵਿੱਚ ਰਹਿੰਦਿਆਂ, ਕਾਰ ਵਿਹਾਰ ਕਰਦਿਆਂ ਹੋਇਆ ਵੀ ਮਾਇਆ ਦੇ ਪ੍ਰਭਾਵ ਤੋਂ ਉਪਰ ਇਉਂ ਰਹਿੰਦਾ ਹਨ ਜਿਵੇਂ ਕਮਲ ਜਲ ਵਿੱਚ ਰਹਿੰਦਾ ਹੋਇਆ ਵੀ ਨਿਰਲੇਪ ਰਹਿੰਦਾ ਹੈ।

-o-o-o-

# ਬਿਰਹੁੰ ਭੁਯੰਗਮੁ

-ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ

ਕਬੀਰ ਸਾਹਿਬ ਦਾ ਸ਼ਲੋਕ ਨੰ : ੭੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੧੨੬੮ ਉੱਤੇ ਸਸ਼ੋਭਿਤ ਹੈ :-

**ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ ॥**
**ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥੭੬॥**

ਬਿਰਹਿ, ਵਿਛੋੜਾ, ਵਿਛੋੜੇ ਦਾ ਭੁਯੰਗਮੁ, ਬਿਰਹੋਂ ਦੇ ਸੱਪ ਨੇ, ਜਿਸ ਨੂੰ ਡੱਸ ਲਿਆ, ਧੁਰ ਅੰਦਰ ਡੱਸ ਲਿਆ। ਦਿਲ, ਹਿਰਦੇ ਅਤੇ ਮਨ ਉੱਤੇ ਡੰਗ ਮਾਰਿਆ, ਬਸ ਉਹ ਬਉਰਾ ਹੋ ਗਿਆ। ਕੀਹਦੇ ਵਿਛੋੜੇ ਵਿੱਚ ਕਹੀਏ ! ਅਪਣੇ ਆਪ ਦੇ ਵਿਛੋੜੇ ਵਿੱਚ । ਅਪਣੇ ਮਾਤਾ ਪਿਤਾ ਪ੍ਰਮੇਸ਼ਰ ਦਾ, ਅਪਣੇ ਪਾਲਣਹਾਰ ਪ੍ਰਭੂ ਦਾ, ਸਿਰਜਨਹਾਰ ਪ੍ਰਮਾਤਮਾ ਦਾ, ਵਿਛੋੜਾ ਪੈ ਗਿਆ, ਇਸ ਦਾ ਅਨੁਭਵ ਹੋਇਆ । ਕਿਵੇਂ ਪੈ ਗਿਆ। ਅਸੀਂ ਭੁੱਲ ਗਏ ਅਪਣੇ ਸਰੂਪ ਨੂੰ "**ਮਨ ਤੂੰ ਜੋਤਿ ਸਰੂਪੁ ਹੈ** " ਕਦੋਂ ਦੇ ਵਿਛੜੇ ਹਾਂ, ਪਤਾ ਹੀ ਨਹੀਂ, ਗੁਰੂ ਸਾਹਿਬ ਫੁਰਮਾਉਂਦੇ ਹਨ ਜਨਮ ਜਨਮਾਤਰਾਂ ਤੋਂ ਵਿਛੜੇ ਹਾਂ। ਕਿਉਂ ਵਿਛੜੇ, ਅਪਣੇ ਕਰਮਾਂ ਕਰਕੇ:-

**ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥** (ਬਾਰਾਮਾਹਾ-੧੩੩ )

ਵਿਛੜੇ ਤਾਂ ਸੀ, ਪਰ ਵੱਡੇ ਭਾਗਾਂ ਨੂੰ, ਮਨੁੱਖ ਜਨਮ ਮਿਲ ਗਿਆ ਅਤੇ ਮਨੁੱਖਾ ਜਨਮ ਵਿੱਚ ਫੇਰ "**ਵਡਭਾਗੀ ਸਤਿਗੁਰੁ ਪਾਇਆ** " ਸਤਿਗੁਰੂ ਜੀ ਮਿਲ ਪਏ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਹਿਬ ਜੀ। ਇਨ੍ਹਾਂ ਨੇ ਸਮਝਾ ਦਿੱਤਾ ਕਿ ਤੇਰਾ ਘਰ ਇਹ ਦਿੱਸਦਾ ਸੰਸਾਰ ਨਹੀਂ, ਤੇਰਾ ਘਰ ਪ੍ਰਭੂ ਦਾ ਘਰ ਹੈ। ਤੂੰ ਉਸਦਾ ਪੁੱਤਰ ਹੈਂ, ਅਪਣੇ ਘਰ ਦੀ ਪਛਾਣ ਕਰ ਲੈ :-

**ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ॥੩॥**
**ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥**
**ਨਾਨਕੁ ਦਾਸੁ ਇਹੀ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ ॥**

ਗੁਰੂ-ਗੁਰਬਾਣੀ ਨੇ ਸਮਝਾਇਆ, ਤੈਨੂੰ ਪੰਜ ਚੋਰ ਠੱਗ ਰਹੇ ਹਨ:-

**ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ ॥**
**ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ ॥** (ਅੰਗ-੨੦੬)

ਸਿੱਖ, ਸਤਿਗੁਰੂ ਅੱਗੇ ਬੇਨਤੀ ਕਰਦਾ ਹੈ ਕਿ ਹੇ ਰਾਖਨਹਾਰ ਪਿਤਾ ! ਮੈ ਗਰੀਬ ਇਕੱਲਾ ਹਾਂ, ਕਾਮ ਕ੍ਰੋਧ ਲੋਭ ਮੋਹ ਹੰਕਾਰ ਪੰਜ ਜਣੇ ਝਗੜਾਲੂ ਮੈਨੂੰ ਚੰਬੜੇ ਹੋਏ ਹਨ । ਮੇਰੇ ਨਾਲ ਝਗੜਾ ਕਰਦੇ ਹਨ, ਮੈਨੂੰ ਲੁੱਟ ਰਹੇ ਸਨ। ਬਹੁਤ ਦੁੱਖ ਦਿੰਦੇ ਹਨ, ਸਤਿਗੁਰੂ ਜੀ ! ਮੈਂ ਤੇਰੀ ਸ਼ਰਨ ਆਇਆ ਹਾਂ, ਮੈਨੂੰ ਇਨ੍ਹਾਂ ਤੋਂ ਬਚਾ ਕੇ ਰੱਖੋ ਜੀ। ਇਹ ਅਪਣੇ ਘਰ ਵਲ ਨੂੰ

ਮੂੰਹ ਨਹੀਂ ਕਰਨ ਦਿੰਦੇ । ਸਤਿਗੁਰੂ ਦੀ ਕ੍ਰਿਪਾ ਅਤੇ ਸੰਗਤ ਨਾਲ, ਮਨ ਨੂੰ ਕੁਝ ਸਮਝ ਆਈ । ਵਿਛੋੜੇ ਦੇ ਸੱਲ ਵੱਜੇ। ਹਾਂ ਜੀ ! ਵਿਛੋੜੇ ਨੇ ਡੱਸ ਲਿਆ। ਐਸਾ ਡੰਗ ਮਾਰਿਆ ਜਿਸ ਤੇ ਕੋਈ ਮੰਤ੍ਰ ਵੀ ਨਹੀਂ ਚਲਦਾ । ਫੇਰ ਤਾਂ ਬੈਰਾਗ ਹੀ ਬੈਰਾਗ। ਬੈਰਾਗ ਵਿੱਚ ਹੀ ਜੀਵਨ ਬਤੀਤ ਹੋਣ ਲੱਗਿਆ :-

**ਮੈ ਬਉਰੀ ਮੇਰਾ ਰਾਮੁ ਭਤਾਰੁ ॥ ਰਚਿ ਰਚਿ ਤਾ ਕਉ ਕਰਉ ਸਿੰਗਾਰੁ ॥**

ਉਸ ਪ੍ਰਭੂ ਪ੍ਰੀਤਮ ਤੋਂ ਬਿਨਾਂ ਜੀਵਿਆ ਨਹੀਂ ਜਾਂਦਾ। ਜੀਵਨ ਵੈਰਾਗਮਈ ਹੋ ਕੇ ਮ੍ਰਿਤਕ ਵਾਂਗੂ ਹੋ ਜਾਂਦਾ ਹੈ, ਇਸ ਨਗਰੀ ਵਿੱਚ, ਇਸ ਸੰਸਾਰ ਵਿੱਚ ਅਤੇ ਇਸ ਮਹਿਲ ਰੂਪੀ ਸਰੀਰ ਵਿੱਚ ਫੇਰ ਰਹਿਣਾ ਮੁਸ਼ਕਿਲ ਹੋ ਜਾਂਦਾ ਹੈ। ਚਿੱਤ ਉੱਚੀਆਂ ਉਡਾਰੀਆਂ ਮਾਰਦਾ ਹੈ ਜਾਂ ਮਾਰਨਾ ਚਾਹੁੰਦਾ ਹੈ। ਖੰਭ ਲਗਾ ਕੇ ਪ੍ਰੀਤਮ ਦੇ ਦੇਸ ਪੁੱਜਣਾ ਚਾਹੁੰਦਾ ਹੈ :-

**ਕਿਉ ਜੀਵਨੁ ਪ੍ਰੀਤਮ ਬਿਨੁ ਮਾਈ ॥**

**ਜਾ ਕੇ ਬਿਛੁਰਤ ਹੋਤ ਮਿਰਤਕਾ ਗ੍ਰਿਹ ਮਹਿ ਰਹਨੁ ਨ ਪਾਈ ॥** (ਅੰਗ-੧੨੦੭)

ਫੇਰ ਜੀਵ ਆਤਮਾ, ਰੋਂਦੀ ਹੈ, ਸਾਰਾ ਸੰਸਾਰ ਹੀ ਉਸ ਦੇ ਨਾਲ ਰੋਂਦਾ ਹੈ। ਵਣ ਜੰਗਲ ਤੇ ਪੰਛੀ ਵੀ ਨਾਲ ਰੋਂਦੇ ਹਨ। ਮਾਨੋ ਵਿਸ਼ਵ ਹੀ ਵੈਣ ਪਾਉਣ ਲਈ ਉਸ ਦਾ ਸੰਗੀ ਸਾਥੀ ਬਣ ਗਿਆ ਹੈ, ਉਸ ਦੇ ਬਿਰਹੋਂ ਦੇ ਗੀਤਾਂ ਵਿੱਚ ਸ਼ਾਮਿਲ ਹੋ ਗਿਆ ਹੈ :-

* **ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ ॥**

* **ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥** (ਅੰਗ-੫੫੮)

ਨੀਂਦ ਵੀ ਨਹੀਂ ਆਉਂਦੀ। ਬੈਰਾਗੀ ਨੀਂਦ ਨੂੰ ਆਵਾਜਾਂ ਮਾਰਦਾ ਹੈ ਕਿ ਸ਼ਾਇਦ ਨੀਂਦ ਵਿੱਚ ਹੀ ਸੁਪਨੇ ਰਾਹੀਂ ਰੱਬ ਦੇ ਦਰਸ਼ਨ ਹੋ ਜਾਣ ।

ਬਿਰਹਾ ਦੇ ਨਾਲ ਪ੍ਰੇਮ ਉਪਜਦਾ ਹੈ। ਬੈਰਾਗ ਤੋਂ ਪਹਿਲਾਂ ਵੀ ਪ੍ਰੇਮ ਉਪਜਦਾ ਹੈ ਅਤੇ ਬੈਰਾਗ ਤੋਂ ਬਾਅਦ ਵੀ । ਪ੍ਰੇਮੀ ਨੂੰ ਮਿਲਣ ਲਈ ਬੈਰਾਗ ਆਉਂਦਾ ਹੈ। ਪਾਣੀ ਦੇ ਪਿਆਸੇ ਨੂੰ ਜਿਵੇਂ ਪਿਆਸ ਲੱਗਦੀ ਹੈ। ਪਾਣੀ ਨਾ ਮਿਲੇ ਪਿਆਸ ਨਹੀਂ ਬੁੱਝਦੀ। ਪਾਣੀ ਨਾਲ ਪ੍ਰੇਮ ਹੈ ਸਰੀਰ ਦਾ । ਜਦੋਂ ਤਕ ਪਾਣੀ ਨਹੀਂ ਮਿਲਦਾ, ਪਿਆਸ ਵਿੱਚ ਮਨੁੱਖ ਤੜਫੇਗਾ ਮਨ ਤੇ ਸਰੀਰ ਨੂੰ ਚੈਨ ਨਹੀਂ ਆਏਗੀ । ਦੇਰ ਹੋ ਜਾਏ ਹੋਰ ਤੜਫੇਗਾ। ਪਾਣੀ ਪੀ ਕੇ ਹੀ ਪਿਆਸ ਬੁੱਝੇਗੀ। ਬਿਨਾਂ ਪਾਣੀ ਮਿਲਣ ਤੋਂ ਪਿਆਸ ਨਹੀਂ ਬੁੱਝ ਸਕਦੀ, ਇਸ ਤਰ੍ਹਾਂ ਹਰੀ ਦੇ ਦਰਸ਼ਨ ਦੀ ਚਾਹ ਮਨ ਵਿੱਚ ਉਮਗਦੀ ਹੈ। ਪ੍ਰੇਮ ਦੇ ਤੀਰ ਲਗਦੇ ਹਨ :-

**ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ ਜਿਉ ਤ੍ਰਿਖਾਵੰਤੁ ਬਿਨੁ ਨੀਰ ॥੧॥ ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ ॥ ਹਮਰੀ ਬੇਦਨ ਹਰਿ ਪ੍ਰਭੁ ਜਾਨੈ ਮੇਰੇ ਮਨ ਅੰਤਰ ਕੀ ਪੀਰ ॥੧॥ ਰਹਾਉ ॥ ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ ਸੋ ਭਾਈ ਸੋ ਮੇਰਾ ਬੀਰ ॥੨॥ ਮਿਲੁ ਮਿਲੁ ਸਖੀ ਗੁਣ ਕਹੁ ਮੇਰੇ ਪ੍ਰਭ ਕੇ ਲੇ ਸਤਿਗੁਰ ਕੀ ਮਤਿ**

**ਧੀਰ ॥੩॥ ਜਨ ਨਾਨਕ ਕੀ ਹਰਿ ਆਸ ਪੁਜਾਵਹੁ ਹਰਿ ਦਰਸਨਿ ਸਾਂਤਿ ਸਰੀਰ ॥੪॥**

ਇਕ ਅਮਲ ਹੁੰਦਾ ਹੈ ਅਤੇ ਇਕ ਅਮਲੀ। ਆਮ ਤੌਰ ਪਰ ਅਫੀਮ ਖਾਣ ਵਾਲੇ ਨੂੰ ਅਮਲੀ ਆਖੀਦਾ ਹੈ। ਪਰ ਅਮਲ ਹਰੇਕ ਨਸ਼ੇ ਦਾ ਹੈ। ਭੰਗ ਦਾ ਅਮਲੀ, ਸ਼ਰਾਬ ਦਾ ਅਮਲੀ, ਚਾਹ ਦਾ ਅਮਲੀ, ਇਥੋਂ ਤਕ ਕਿ ਰੋਟੀ ਦਾ, ਖਾਣੇ ਦਾ ਵੀ ਅਮਲ ਹੁੰਦਾ ਹੈ। ਸੋ ਕਿਸੇ ਤਰਾਂ ਦਾ ਅਮਲੀ ਹੋਵੇ ਜਦੋਂ ਤਕ ਉਸ ਦਾ ਅਮਲ ਪੂਰਾ ਨਹੀਂ ਹੋ ਜਾਂਦਾ, ਉਸ ਦੀ ਜਾਨ ਨਿਕਲਦੀ ਹੈ, ਉਹ ਖਿਨ ਪਲ ਲਈ ਅਮਲ ਤੋਂ ਬਗੈਰ ਨਹੀਂ ਰਹਿ ਸਕਦਾ। ਇਸੇ ਤਰਾਂ ਹੀ ਪ੍ਰੀਤਮ ਪ੍ਰਭੂ ਤੋਂ ਬਿਨਾਂ ਜਿਸ ਦੇ ਅੰਦਰ ਵਿਛੋੜੇ ਦੇ, ਪ੍ਰੇਮ ਦੇ ਤੀਰ ਲੱਗੇ ਹੋਣ, ਉਸ ਲਈ ਬਿਨਾਂ ਵਾਹਿਗੁਰੂ ਤੋਂ ਖਿਨ ਪਲ ਲਈ ਰਹਿਣਾ ਮੁਸ਼ਕਿਲ ਹੁੰਦਾ ਹੈ :-

**ਹਉ ਖਿਨੁ ਪਲੁ ਰਹਿ ਨ ਸਕਉ**

**ਬਿਨੁ ਪ੍ਰੀਤਮ ਜਿਉ ਬਿਨੁ ਅਮਲੈ ਅਮਲੀ ਮਰਿ ਗਈਆ ॥**

ਐਸੀ ਹਾਲਤ ਵਿੱਚ ਜੀਵ ਦਾ ਜੀਵਨ ਬੜਾ ਅਸਚਰਜ ਹੁੰਦਾ ਹੈ। ਉਸ ਲਈ ਨਿਵਾਰੀ ਪਲੰਘ, ਰਜ਼ਾਈ, ਤਲਾਈ ਕਿਹੋ ਜਹੀ ਹੁੰਦੀ ਹੈ। ਭਗਤ ਫਰੀਦ ਜੀ ਫਰਮਾਉਂਦੇ ਹਨ :-

**ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ ॥**

**ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ ॥੩੫॥**

ਐ ਪਿਆਰੇ ਪ੍ਰਭੂ ! ਤੂੰ ਵੇਖ ਤਾਂ ਸਹੀ, ਅਸੀਂ ਕਿਵੇਂ ਜੀਅ ਰਹੇ ਹਾਂ। ਅਸੀਂ ਚਿੰਤਾ ਦਾ ਪਲੰਘ ਵਿਛਾਇਆ ਹੋਇਆ ਹੈ, ਉਸ ਵਿੱਚ ਦੁੱਖ ਦਾ ਵਾਣ (ਰੱਸੀਆਂ) ਪਾਈਆ ਹੋਈਆ ਹੈ ਅਤੇ ਰਜ਼ਾਈ-ਤਲਾਈ ਵਿਛੋੜੇ ਦੀ ਲਈ ਹੋਈ ਹੈ। ਐਸਾ ਸਾਡਾ ਜੀਵਨ ਹੈ, ਸੱਚੇ ਸਾਹਿਬ ਸਾਡੇ ਵੱਲ ਝਾਤੀ ਤਾਂ ਮਾਰ !

ਅਸੀਂ ਤੈਥੋਂ ਬਿਨਾਂ ਇਕ ਪਲ ਲਈ ਵੀ ਧੀਰਜ ਨਹੀਂ ਕਰ ਸਕਦੇ। ਤੇਰੇ ਦਰਸ਼ਨਾਂ ਤੋਂ ਬਿਨਾਂ ਜਿਉਂਦੇ ਹੀ ਮਰਿਆਂ ਦੇ ਤੁਲ ਹਾਂ :-

**ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ ॥**

**ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ ॥੩॥**

ਬਿਰਹੋਂ ਕੋਈ ਮਾਮੂਲੀ ਚੀਜ਼ ਨਹੀਂ, ਫਰੀਦ ਸਾਹਿਬ ਨੇ ਇਸ ਨੂੰ ਬੜਾ ਵੱਡਾ ਰੁਤਬਾ ਦਿੱਤਾ ਹੈ। ਆਪ ਆਖਦੇ ਹਨ ਕਿ ਬਿਰਹਾ ਬਾਦਸਾਹਾਂ ਦਾ ਬਾਦਸ਼ਾਹ ਹੈ। ਜਿਸ ਤਨ ਵਿੱਚ, ਸਰੀਰ ਵਿੱਚ ਬਿਰਹਾ ਨਹੀਂ ਉਪਜਦਾ, ਉਹ ਤਨ ਮੜ੍ਹੀਆਂ-ਮਸਾਣਾ ਦੇ ਸਮਾਨ ਹਨ। ਬਿਰਹਾ ਉਪਜਣ ਤੋਂ ਬਾਅਦ ਹੀ, ਪ੍ਰੇਮ ਕਰਨ ਨਾਲ ਪ੍ਰਮਾਤਮਾ ਦੇ ਦਰਸ਼ਨ ਹੋਣੇ ਹਨ :-

**ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥**

ਗੁਰੂ ਰਾਮਦਾਸ ਜੀ ਫਰਮਾਉਂਦੇ ਹਨ ਕਿ ਜਨ, ਜਿੰਨੇ ਸਾਸ ਲੈਂਦਾ ਹੈ ਉਹ ਸਭ ਪ੍ਰਭੂ ਦੇ

ਬਿਰਹਾ ਨਾਲ ਭਰੇ ਹੋਏ ਹੋਣੇ ਚਾਹੀਦੇ ਹਨ :-

**ਜਨ ਕੇ ਸਾਸ ਸਾਸ ਹੈ ਜੇਤੇ ਹਰਿ ਬਿਰਹਿ ਪ੍ਰਭੂ ਹਰਿ ਬੀਧੇ ॥**

**ਜਿਉ ਜਲ ਕਮਲ ਪ੍ਰੀਤਿ ਅਤਿ ਭਾਰੀ ਬਿਨੁ ਜਲ ਦੇਖੇ ਸੁਕਲੀਧੇ ॥੨॥**

ਚਕਵੀ ਨੂੰ ਨੀਂਦ ਨਹੀਂ ਆਉਂਦੀ ਜਦੋਂ ਤਕ ਸੂਰਜ ਦੇ ਦਰਸ਼ਨ ਨਹੀਂ ਕਰਦੀ। ਰਾਤ ਨੂੰ ਉਹ ਅਪਣੇ ਪ੍ਰੇਮੀ ਕੋਲੋਂ ਵਿਛੜਦੀ ਹੈ। ਸੂਰਜ ਦੇ ਚੜ੍ਹਨ ਕਰਕੇ ਉਹ ਆਪਣੇ ਪਤੀ ਨੂੰ ਵੇਖ ਸਕਦੀ ਹੈ :-

**ਚਕਵੀ ਨੈਨ ਨੀਂਦ ਨਹਿ ਚਾਹੈ ਬਿਨੁ ਪਿਰ ਨੀਂਦ ਨ ਪਾਈ ॥**

**ਸੂਰੁ ਚਰ੍ਹੈ ਪ੍ਰਿਉ ਦੇਖੈ ਨੈਨੀ ਨਿਵਿ ਨਿਵਿ ਲਾਗੈ ਪਾਂਈ ॥੧॥**

ਚਾਤ੍ਰਿਕ ਇਕ ਬੂੰਦ ਕਾਰਨ ਪ੍ਰਿਅ ਪ੍ਰਿਅ ਕਰਦਾ ਰਹਿੰਦਾ ਹੈ। ਕਹਿੰਦੇ ਹਨ ਸਵਾਂਤੀ ਬੂੰਦ ਪੀਤੇ ਬਿਨਾਂ ਉਸ ਦੀ ਪਿਆਸ ਨਹੀਂ ਜਾਂਦੀ। ਮੰਨ (ਮੱਛੀ) ਜਲ ਤੋਂ ਬਿਨਾਂ ਮਿੰਟ ਵੀ ਨਹੀਂ ਰਹਿ ਸਕਦੀ।

**ਚਾਤ੍ਰਿਕ ਮੀਨ ਜਲ ਹੀ ਤੇ ਸੁਖੁ ਪਾਵਹਿ ਸਾਰਿੰਗ ਸਬਦਿ ਸੁਹਾਈ ॥** (ਅੰਗ-੧੨੭੪)

ਸੋ ਬਿਰਹੋਂ ਦੀ ਜਕੜ ਵਿੱਚ ਆਇਆ ਜੀਵ ਤਰਲੋ ਮੱਛੀ ਹੁੰਦਾ ਹੈ। ਪਿਆਰੇ ਦੇ ਕਦੋਂ ਦਰਸ਼ਨ ਹੋ ਜਾਣ, ਤੜਫਦਾ ਹੈ। ਸੰਸਾਰ ਤੋਂ ਨਿਰਲੇਪ, ਤਿਆਗੀ ਹੋਣਾ ਚਾਹੁੰਦਾ ਹੈ। ਇਕਾਂਤ ਵਸ ਹੋ ਕੇ ਸਿਮਰਨ, ਬੰਦਗੀ ਵਿੱਚ ਜੁਟ ਜਾਣਾ ਚਾਹੁੰਦਾ ਹੈ।

ਸਰਦਾਰਾ ਸਿੰਘ ਗਿਆਰ੍ਹਵੀਂ ਕਲਾਸ ਦਾ ਵਿਦਿਆਰਥੀ ਸੀ। ਬਿਰਹੋਂ ਦੇ ਸੱਪ ਨੇ ਡੰਗ ਮਾਰਿਆ। ਦਰਸ਼ਨ ਲਈ ਲੱਗਾ ਹੱਥ ਪੈਰ ਮਾਰਨ। ਨੀਂਦ ਬੜੀ ਘੱਟ ਆਵੇ। ਖਾਣਾ ਪੀਣਾ ਬੜੇ ਸੰਕੋਚ ਵਿੱਚ ਹੋ ਗਿਆ। ਦੋਸਤਾਂ ਮਿੱਤ੍ਰਾਂ ਦਾ ਸੰਗ ਘਟ ਗਿਆ। ਇਸ ਤੋਂ ਤਕਰੀਬਨ ਦੋ ਸਾਲ ਪਹਿਲਾਂ ਗੁਰਬਾਣੀ ਦਾ ਅਭਿਆਸੀ ਬਣਿਆ। ਦੁਨੀਆਵੀ ਪੜ੍ਹਾਈ ਦੇ ਨਾਲ ਨਾਲ ਬਾਣੀ ਨਾਲ ਵੀ ਅਤਿ ਗੂੜ੍ਹਾ ਪਿਆਰ ਪੈ ਗਿਆ ਸੀ। ਪਿੰਡ ਦੇ ਲਾਗੇ ਇਕ ਸਿੱਖ ਸਾਧੂ ਭਗਵਾਨ ਸਿੰਘ ਨਦੀ ਦੇ ਕੰਢੇ ਤੇ ਆ ਬੈਠਾ। ਨਦੀ ਦੀ ਢਾਂਗ ਨੂੰ ਪੁੱਟ ਪੱਟ ਕੇ ਉਸ ਉੱਤੇ ਕੰਡਿਆਂ ਦੀ, ਪੱਤਿਆਂ ਦੀ ਛੱਤ ਪਾ ਲਈ। ਬੰਦਗੀ ਕਰਨ ਲੱਗਾ। ਥੋੜੇ ਸਮੇਂ ਬਾਅਦ ਉਪੱਰ ਜ਼ਮੀਨ ਤੇ ਇਕ ਝੌਂਪੜੀ ਬਣਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਲਿਆ। ਦਾਸ ਨੂੰ ਜਦੋਂ ਵੀ ਸਮਾਂ ਮਿਲਦਾ ਜਾ ਕੇ ਬਾਣੀ ਦਾ ਪਾਠ ਕਰ ਆਉਂਦਾ। ਬਾਣੀ ਨਾਲ ਸਾਂਝ ਬੜ੍ਹਦੀ ਗਈ। ਇੱਥੋਂ ਤਕ ਕਿ ਜਦੋਂ ਸਕੂਲ ਤੋਂ ਲੰਬੀਆਂ ਛੁੱਟੀਆਂ ਹੁੰਦੀਆਂ ਉਨ੍ਹਾਂ ਦਿੰਨਾਂ ਵਿੱਚ ਪਸ਼ੂ ਡੰਗਰ ਚਾਰਦੇ ਸਮੇਂ ਵੀ ਨਿੱਤਨੇਮ ਦਾ ਗੁਟਕਾ ਹੱਥ ਵਿੱਚ ਹੁੰਦਾ। ਸੁਖਮਨੀ ਸਾਹਿਬ ਜਾਂ ਜਾਪੁ ਸਾਹਿਬ ਦਾ ਪਾਠ ਚਲਦਾ ਰਹਿੰਦਾ। ਦੂਜੇ ਲੜਕੇ ਲੋਕ-ਬੋਲੀਆਂ, ਲੋਕ-ਗੀਤ, ਗਾਣੇ ਗਾਉਂਦੇ ਰਹਿੰਦੇ ਪਰ ਮੇਰੇ ਹੱਥ ਵਿੱਚ ਗੁਟਕਾ ਅਤੇ ਮਨ ਵਿੱਚ ਬਾਣੀ ਜਾਂ ਵਾਹਿਗੁਰੂ ਦਾ ਜਾਪ ਹੁੰਦਾ। ਮੈਨੂੰ ਯਾਦ ਹੈ ਕਿ ਜਦੋਂ ਸਕੂਲ ਵਿੱਚ ਸਵੇਰੇ ਸਕੂਲ ਲੱਗਣ ਤੋਂ ਪਹਿਲਾਂ ਸਾਰੇ

ਸਕੂਲ ਦੇ ਬੱਚੇ ਇਕੱਠੀ ਪ੍ਰਾਰਥਨਾ ਕਰਦੇ, ਉਸ ਵਿੱਚ 'ਸਭ ਤੇ ਅੱਛਾ ਹਿੰਦੁਸਤਾਨ ਹਮਾਰਾ' ਜਾਂ 'ਜਨ ਮਨ ਗਨ........ਆਦਿ' ਗਾਏ ਜਾਂਦੇ ਤਾਂ ਦਾਸ ਦੇ ਮੂੰਹ ਤੋਂ ਇਨ੍ਹਾਂ ਸ਼ਬਦਾਂ ਦੀ ਥਾਂ ਤੇ ਵਾਹਿਗੁਰੂ ਸ਼ਬਦ ਦਾ ਉਚਾਰਨ ਹੀ ਹੁੰਦਾ ਸੀ। ਇਹ ਕੋਈ ਪਿਛਲੇ ਜਨਮ ਦੀ ਖੇਡ ਸੀ। ਦਸਵੀਂ ਦੀ ਪੜ੍ਹਾਈ ਵਿੱਚ ਵੀ ਕੋਈ ਕਮੀ ਨਹੀਂ ਆਈ।ਰਾਤ ਨੂੰ ਪੜ੍ਹਾਈ ਕਰਨੀ ਅਤੇ ਅੰਮ੍ਰਿਤ ਵੇਲੇ ਤੜਕਸਾਰ ਉੱਠੇ ਕੇ ਨਿੱਤਨੇਮ ਬਾਅਦ ਪੜ੍ਹਾਈ ਕਰਦੇ ਰਹਿਣਾ। ਉਨ੍ਹਾਂ ਦਿਨਾਂ ਵਿੱਚ ਦਸਵੀਂ ਦਾ ਇਮਤਿਹਾਨ ਯੂਨੀਵਰਸਿਟੀ ਦਾ ਹੋਇਆ ਕਰਦਾ ਸੀ। ਦਸਵੀਂ ਪੇਂਡੂ ਸਕੂਲ 'ਸਿੰਘ ਭਗਵੰਤ ਪੁਰ' (ਰੋਪੜ) ਤੋਂ ਸੰਨ ੧੯੫੬ ਵਿੱਚ ਕੀਤੀ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਇਮਤਿਹਾਨ ਵਿੱਚੋਂ ਪਹਿਲੇ ਦਰਜੇ ਦੇ ਨੰਬਰ ਲੈ ਕੇ ਸਕੂਲ, ਜਮਾਤ ਵਿਚੋਂ ਵੀ ਪਹਿਲੇ ਦਰਜੇ ਤੇ ਰਿਹਾ। ਰੋਪੜ ਗਵਰਨਮੈਂਟ ਕਾਲਜ ਵਿਚ ਦਾਖਲਾ ਲਿਆ। ਪਰ ਕੁੱਝ ਮਹੀਨਿਆਂ ਤੋਂ ਬਾਅਦ ਹੀ ਬਿਰਹੋਂ ਦੀ ਉਚੀ ਟੀਸੀ ਤੇ ਅਪੜ ਗਿਆ ਪੜ੍ਹਾਈ ਨੂੰ ਦਿਲ ਨ ਕਰੇ ਪ੍ਰਭੂ ਪਿਆਰੇ ਨੂੰ ਮਿਲਣ ਦੀ ਤਾਂਘ ਅੰਦਰ-ਬਾਹਰ ਵੱਸ ਗਈ ਅਤੇ ਲੱਗਾ ਭਾਲ ਕਰਨ, ਕਿਸੇ ਇਕਾਂਤਵਾਸ ਦੀ, ਕਿਸੇ ਪਹਾੜ ਦੀਆਂ ਕੰਦਰਾਂ ਦੀ, ਜਿੱਥੇ ਬੈਠ ਕੇ ਨੰਗੇ ਭੁੱਖੇ ਰਹਿ ਕੇ ਵੀ ਬੰਦਗੀ ਕਰ ਸਕੀਏ, ਕਿਸੇ ਨੂੰ ਨਾ ਮਿਲੀਏ, ਦੁਨੀਆਂ ਤੋਂ ਦੂਰ ਖੁਲ੍ਹੇ ਅਕਾਸ਼ੀ ਮੰਡਲਾਂ ਹੇਠ ਡੇਰਾ ਲਾ ਕੇ ਆਪਣੇ ਆਪ ਵਿੱਚ ਲੀਨ ਹੋਣ ਲਈ ਬਿਰਹੋਂ ਦੇ ਸੱਪ ਨੇ ਡੂੰਘੇ ਡੰਗ ਮਾਰੇ ਤੇ ਇਕ ਦਿਨ ਘਰ ਬਾਰ ਤਿਆਗ ਕੇ ਤੁਰ ਪਿਆ, ਕਿੱਧਰੇ, ਜਿੱਧਰ ਦਾ ਕੋਈ ਪਤਾ ਹੀ ਨਹੀਂ ਸੀ। ਮਹਾਤਮਾ ਬੁੱਧ ਬਾਰੇ ਲਿੱਖੀ ਹੋਈ ਕਿਸੇ ਦੀ ਇਕ ਕਵਿਤਾ 'ਏਸ਼ੀਆ ਦਾ ਚਾਲਣ' (Light Of Asia) ਵੀ ਪੜ੍ਹੀ ਸੀ। ਇਸ ਕਵਿਤਾ ਵਿੱਚ ਗੌਤਮ (ਮਹਾਤਮਾ ਬੁੱਧ) ਦੇ ਘਰ ਛੱਡਣ ਦਾ ਦ੍ਰਿਸ਼ ਅਤਿ ਰੌਚਕ ਤਰੀਕੇ ਨਾਲ ਬਿਆਨ ਕੀਤਾ ਹੋਇਆ ਸੀ। ਇਹ ਕਵਿਤਾ ਮੈਨੂੰ ਬੜੀ ਪਿਆਰੀ ਲੱਗਦੀ ਸੀ।

ਗੁਰੂ ਗੁਰਬਾਣੀ ਨੇ ਬੈਰਾਗ ਪੈਦਾ ਕੀਤਾ ਸੀ। ਪਿੰਡ ਸੀਹੋਂ ਮਾਜਰਾ (ਰੋਪੜ) ਤੋਂ ਪੈਦਲ ਰੋਪੜ ਵੱਲ ਤੁਰ ਪਿਆ। ਕੀਰਤਪੁਰ ਪਹੁੰਚ ਕੇ ਗੁਰੂ ਮਹਾਰਾਜ ਦੇ ਅਸਥਾਨਾਂ ਦੇ ਦਰਸ਼ਨ ਕੀਤੇ। ਕੀਰਤਪੁਰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵੱਡੇ ਪੁੱਤਰ ਬਾਬਾ ਗੁਰਦਿੱਤਾ ਜੀ ਦਾ ਇਕ ਛੋਟੀ ਪਹਾੜੀ ਦੇ ਉੱਤੇ ਤਪ ਅਸਥਾਨ ਬਣਿਆ ਹੋਇਆ ਹੈ। ਲਾਗੇ ਦੀਵਾਰ ਵਿੱਚ ਛੋਟੇ ਛੋਟੇ ਘੁਰਨੇ ਜਿਹੇ ਬਣੇ ਹੋਏ ਸਨ। ਦਿਲ ਕੀਤਾ ਇਨ੍ਹਾਂ ਵਿੱਚ ਹੀ ਬੈਠ ਕੇ ਭਜਨ ਕੀਤਾ ਜਾਵੇ, ਪਰ ਅੰਦਰੋਂ ਅਵਾਜ਼ ਆਈ, ਇਹ ਵੀ ਘਰ, ਪਿੰਡ ਦੇ ਨੇੜੇ ਹੈ। ਦੂਰ, ਹੋਰ ਦੂਰ, ਕਿਤੇ ਲੁਕਵੀਂ ਥਾਂ ਤੇ ਚਲਣਾ ਠੀਕ ਹੋਵੇਗਾ। ਪਹਾੜ ਵਲ ਜਾਣਾ ਸ਼ੁਰੂ ਕਰ ਦਿੱਤਾ। ਤੁਰਦਾ ਗਿਆ, ਤੁਰਦਾ ਗਿਆ, ਕਾਫੀ ਦੂਰ ਜਾ ਕੇ ਇਕ ਖੇਤ ਵਿੱਚ ਜਾ ਬੈਠਾ, ਵਾਹਿਗੁਰੂ ਵਾਹਿਗੁਰੂ ਜਾਪ ਚਲ ਹੀ ਰਿਹਾ ਸੀ। ਕੁਝ ਦੇਰ ਬੈਠਾ ਤਾਂ ਪਿੰਡ ਤੋਂ ਲੋਕੀ ਆ ਕੇ ਆਲੇ ਦੁਆਲੇ ਬੈਠ ਗਏ। ਇਕ ਸੱਜਣ ਜਾ ਕੇ ਘਰੋਂ ਦੁੱਧ ਦਾ ਗਿਲਾਸ ਲੈ ਆਇਆ। ਸੋਚ

ਆਈ ਇੱਥੇ ਇਕਾਂਤ ਨਹੀਂ। ਰਾਤ ਵੀ ਪੈ ਰਹੀ ਸੀ। ਹੋਰ ਅੱਗੇ ਚਲ ਪਏ, ਰਾਤ ਹੋਈ ਕਿਤੇ ਸੜਕ ਦੇ ਕਿਨਾਰੇ ਹੀ ਕੱਟੀ। ਦੂਜੀ ਸਵੇਰ ਹੋਈ, ਸੜਕੋ ਸੜਕ ਫੇਰ ਅੱਗੇ ਹੀ ਅੱਗੇ। ਇਸ਼ਨਾਨ ਕਰਨ ਦੀ ਜ਼ਰੂਰਤ ਜਾਪੀ। ਅੰਮ੍ਰਿਤ ਪਾਨ ਕੀਤਾ ਹੋਇਆ ਸੀ। ਕਛਹਿਰਾ ਤਾਂ ਇਕੋ ਤੇੜ ਹੀ ਸੀ। ਦੂਜੇ ਕਛਹਿਰੇ ਦੀ ਲੋੜ ਸੀ। ਤੁਰਦੇ ਤੁਰਦੇ ਇਕ ਸ਼ਹਿਰ ਆਇਆ। ਕੁਝ ਪੈਸੇ ਜੇਬ ਵਿੱਚ ਸਨ ਇਕ ਉਪਰ ਲੈਣ ਲਈ ਚਾਦਰ ਖਰੀਦੀ ਅਤੇ ਇਕ ਕਛਹਿਰੇ ਦਾ ਕਪੜਾ ਲੈ ਕੇ ਉਸੀ ਵਕਤ ਸਿਲਾ ਲਿਆ। ਅਤੇ ਇਸ਼ਨਾਨ ਕੀਤਾ। ਦੂਜਾ ਦਿਨ ਵੀ ਇਸੇ ਤਰਾ ਇਧਰ ਉਧਰ ਫਿਰਦੇ ਗੁਜ਼ਰਿਆ ਐਥੇ ਇਕ ਦਰਿਆ ਵੱਗ ਰਿਹਾ ਸੀ, ਸਤਲੁਜ ਉਸ ਦੇ ਕੱਢੇ ਥੋੜੀ ਦੇਰ ਆਸਨ ਲਗਾਇਆ ਪਰ ਇਕਾਂਤ ਕਿਥੇ ! ਜਿਧਰ ਵੀ ਦੇਖੋ ਮਾਨਵ ਜਾਤੀ ਜਾਂ ਪਸ਼ੂ ਤਾਂ ਨਜ਼ਰ ਆਉਂਦੇ ਹੀ ਹਨ। ਫਰੀਦ ਸਾਹਿਬ ਯਾਦ ਆਏ :-

**ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥**

**ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥੧੯॥**

ਇਕਾਂਤ ਕਿਤੇ ਨਹੀਂ ਲਭਣੀ , ਗੁਰਮਤਿ ਦਾ ਰਾਹ ਤਾਂ ਗ੍ਰਹਸਥ ਆਸ੍ਰਮ ਹੈ। ਸਾਡੇ ਗੁਰੂ ਸਾਹਿਬ ਵੀ ਤਾਂ ਗ੍ਰਹਸਥੀ ਹੋਏ ਹਨ। ਬਸ ਵਾਪਿਸ ਘਰ ਵਲ ਮੋੜਾ ਪੈ ਗਿਆ। ਕੀਰਤਪੁਰ ਪਹੁੰਚਿਆ ਇਕ ਸੱਜਣ ਵਾਕਿਫ ਰਹਿੰਦਾ ਸੀ। ਜੋ ਗਿਆਨੀ ਧਿਆਨੀ ਸੀ । ਉਨ੍ਹਾਂ ਕੋਲ ਇਕ ਰਾਤ ਕੱਟੀ, ਕਹਿਣ ਲੱਗੇ, ਇਸ ਤਰਾਂ ਭਟਕਣ ਦੀ ਲੋੜ ਨਹੀਂ ਤੁਹਾਨੂੰ ਕਿਸੇ ਗੁਰਮਤਿ ਕਾਲਜ ਜਾਂ ਸੰਤਾਂ ਦੇ ਡੇਰਿਆ ਵਿੱਚ ਗੁਰਬਾਣੀ ਦੀ ਸੰਥਿਆ ਜਾਂ ਗਿਆਨੀ ਪੜ੍ਹਨ ਲਈ ਚਲੋ ਦਾਖਲ ਕਰਵਾ ਦਿੰਦਾ ਹਾਂ। ਦਾਸ ਨੇ ਗੱਲ ਨਹੀਂ ਗੌਲੀ ਤੇ ਨੰਗਲ ਇਕ ਦੌਸਤ ਪਿੰਡ ਦਾ ਲੜਕਾ, ਨਵਾਂ ਨਵਾਂ ਅੰਮ੍ਰਿਤਧਾਰੀ ਸਿੰਘ ਬਣਿਆ ਸੀ ਜੋ ਨੰਗਲ ਨੌਕਰੀ ਵੀ ਲੱਗ ਗਿਆ ਸੀ, ਉਸ ਦੇ ਕਵਾਟਰ ਜਾ ਪੁੱਜਿਆ। ਚਾਹ ਪਾਣੀ ਪੀਤਾ । ਲੰਗਰ ਪਾਣੀ ਛਕਿਆ।

ਪਿਛੇ ਮਾਂ ਬਾਪ, ਭੈਣ ਭਰਾ ਦੀ ਮਾਨਸਿਕ ਹਾਲਤ ਜਿਨ੍ਹਾਂ ਦਾ ਜੁਆਨ ਪੁੱਤਰ ਘਰੋਂ ਬਿਨਾਂ ਕਾਰਨ ਬਿਨਾਂ ਦੱਸੇ ਨਿਕਲ ਗਿਆ ਹੋਵੇ, ਕੀ ਹੋਵੇਗੀ, ਆਪ ਅੰਦਾਜਾ ਲਾ ਸਕਦੇ ਹੋ। ਮਾਰੇ ਮਾਰੇ ਐਧਰ ਉਧਰ ਲੱਭਦੇ ਫਿਰਦੇ ਰਹੇ ਤਿੰਨ ਦਿਨ। ਰੱਬ ਦੀ ਕਰਨੀ, ਵੱਡਾ ਭਰਾ ਉਸ ਮੇਰੇ ਦੋਸਤ ਦੇ ਘਰ ਹੀ ਨੰਗਲ ਪਹੁੰਚ ਗਿਆ ਜਿੱਥੇ ਮੇਰੇ ਨਾਲ ਮਿਲਾਪ ਹੋ ਗਿਆ। ਘਰ ਪਿੰਡ ਲੈ ਗਿਆ। ਮੁੜਕੇ ਫੇਰ ਕਾਲਜ ਦੀ ਪੜ੍ਹਾਈ ਸ਼ੁਰੂ ਹੋ ਗਈ । ਇਹ ਹੈ 'ਬਿਰਹੋਂ ਭੁਯੰਗਮ' ਦਾ ਡੱਸਣਾ !

-o-o-o-

# ਸਿਹਤ ਸੰਭਾਲ :

## ਅਸਗੰਧ ਜਾਂ ਅਸ਼ਵਗੰਧਾ

## (WITHANIA SOMNIFREA)

-ਸ.ਸੁਰਿੰਦਰ ਸਿੰਘ, ਵੈਦਰਾਜ, ਮੋ : 9501017194

ਕੁਦਰਤ ਨੇ ਅਸਗੰਧ ਬੂਟੀ ਦੀ ਪੈਦਾਇਸ ਨਾਲ ਸਿਹਤ ਦੇ ਖਜ਼ਾਨੇ ਵਿੱਚ ਮਨੁੱਖਤਾ ਨੂੰ ਇਕ ਬੇਨਜ਼ੀਰ ਤੋਹਫਾ ਦਿਤਾ ਹੈ। ਪੈਰਾਂ ਥਲੇ ਰੋਂਦੇ ਜਾਣ ਵਾਲੀ ਇਹ ਜੰਗਲੀ ਬੂਟੀਆਂ ਆਪਣੇ ਜਾਦੂ ਅਸਰ ਕਰਕੇ ਦੇ ਆਲਮੀ ਦੁਨੀਆਂ ਨੂੰ ਹੈਰਾਨ ਕੀਤੇ ਬਗੈਰ ਨਹੀਂ ਰਹਿ ਸਕਦੀਆਂ। ਇਸ ਸੰਬੰਧ ਵਿੱਚ ਅਸੀਂ ਆਪਣੇ ਪੁਰਾਣੇ ਵੈਦਾਂ ਹਕੀਮਾਂ ਦੀਆਂ ਖੋਜਾ ਨੂੰ ਅੱਖੋਂ ਉਹਲੇ ਨਹੀਂ ਕਰ ਸਕਦੇ ਜਿਨ੍ਹਾਂ ਦੀ ਬਦੌਲਤ ਅਸੀਂ ਇਨ੍ਹਾਂ ਦਾ ਪ੍ਰਯੋਗ ਕਰਕੇ ਸਿਹਤਵੰਦ ਹੋ ਰਹੇ ਹਾਂ। ਹਰ ਹਕੀਮ ਵੈਦ ਇਨ੍ਹਾਂ ਦੇ ਗੁਣਾਂ ਅਤੇ ਔਗੁਣਾਂ ਤੋਂ ਜਾਣੂ ਹੋ ਕੇ ਮਨੁੱਖਤਾ ਦੀ ਸੇਵਾ ਕਰ ਰਿਹਾ ਹੈ।

'ਦੇ ਰਹਾ ਇਨਸਾਨਿਅਤ ਕਾ ਯਿਹ ਹਮੇਂ ਪੈਗਾਮ ਹੈ
ਇਸ਼ਕਾ ਸ਼ੈਦਾਈ ਬਨਾ ਬਸ, ਆਜ ਖਾਸ ਵ ਆਮ ਹੈ।'

ਅਸਗੰਧ ਦਾ ਜੰਗਲੀ ਬੂਟੀਆ ਵਿੱਚ ਦਰਜਾ ਬਹੁਤ ਉੱਚਾ ਹੈ। ਆਯੂਰਵੈਦ ਦੇ ਖੋਜੀਆਂ ਨੇ ਇਹ ਸਿੱਧ ਕਰ ਦਿੱਤਾ ਹੈ ਅਸਗੰਧ ਉੱਚੇ ਦਰਜੇ ਦੀ ਟਾਨਿਕ ਅਤੇ ਮਨੀ ਨੂੰ ਗਾੜ੍ਹਾ ਕਰਦੀ ਹੈ। ਇਸ ਦਾ ਇਸਤੇਮਾਲ ਕਮਜੋਰ ਅਤੇ ਪਤਲੇ ਲਈ ਤਾਕਤ ਅਤੇ ਤਾਜ਼ਗੀ ਪੈਦਾ ਕਰਨ ਵਾਲੀ ਰਸਾਇਣ ਹੈ। ਇਹ ਪੇਸ਼ਾਬ ਦੀ ਜਿਆਦਤੀ, ਸੁਪਨ ਦੋਸ਼, ਗਰਭਪਾਤ, ਅੱਧੇ ਸਿਰ ਦੇ ਦਰਦ, ਯਾਦਦਾਸ਼ਤ ਦੀ ਕਮੀ ਅਤੇ ਆਮ ਕਮਜੋਰੀ ਦੇ ਲਈ ਲਾਭਦਾਇਕ ਹੈ।

ਇਹ ਹਿੰਦੁਸਤਾਨ, ਪਾਕਿਸਤਾਨ ਦੇ ਗਰਮ ਖੁਸ਼ਕ ਇਲਾਕਿਆਂ ਵਿੱਚ ਪਾਈ ਜਾਂਦੀ ਹੈ। ਇਸ ਦੇ ਇਲਾਵਾ ਬੀਕਾਨੇਰ ਦੇ ਇਲਾਕਾ 'ਨਾਗੌਰ' ਇਸ ਦੀ ਪੈਦਾਵਾਰ ਬਹੁਤ ਹੁੰਦੀ ਹੈ। ਆਯੁਰਵੈਦਿਕ ਦੇ ਅਨੁਸਾਰ ਨਾਗੌਰ ਦੀ ਅਸਗੰਧ ਸਭ ਤੋਂ ਉਤਮ ਦਰਜੇ ਦੀ ਹੁੰਦੀ ਹੈ। ਇਸ ਲਈ ਇਸ ਨੂੰ ਆਮ ਬੋਲਚਾਲ ਵਿੱਚ 'ਅਸਗੰਧ ਨਾਗੌਰੀ' ਨਾਲ ਜਾਣਿਆ ਜਾਂਦਾ ਹੈ। ਜਿਹੜੀ ਅਸਗੰਧ ਈਰਾਨ ਅਤੇ ਅਰਬ ਦੇਸਾਂ ਤੋਂ ਆਉਂਦੀ ਹੈ। ਉਹ ਵੀ ਨਾਗੌਰੀ ਅਸਗੰਧ ਦੇ ਨਾਂ ਹੇਠ ਹੀ ਵੇਚੀ ਜਾਂਦੀ ਹੈ।

**ਨਾਮ** :ਸੰਸਕ੍ਰਿਤ-ਅਸ਼ਵਗੰਧਾ; ਬੰਗਾਲੀ-ਅਸ਼ਵਗੰਧਾ; ਮਰਹੱਟੀ-ਆਸੰਧ; ਗੁਜਰਾਤੀ-ਆਸੰਧ; ਕਰਨਾਟਕੀ-ਅਸਾਦੋ; ਤੇਲੰਗੀ-ਪਲੀਅੰਗਾ; ਹਿੰਦੀ-ਅਸਗੰਧ; ਫਾਰਸੀ-ਮੇਹਮਨ ਬਰਰੀ; ਇੰਗਲਿਸ-ਵਿੰਟਰਚੇਹੀ ਲੈਫਾਈ।

**ਪਹਿਚਾਣ** : ਅਸਗੰਧ ਬੂਟੀ ਨੂੰ ਆਕਸਨ ਬੂਟੀ ਵੀ ਕਹਿੰਦੇ ਹਨ, ਇਸ ਦਾ ਪੌਦਾ ਦੋ ਫੁੱਟ ਤਕ ਉੱਚਾ ਹੁੰਦਾ ਹੈ। ਇਸ ਦੇ ਪੱਤੇ ਬਾਂਸ ਦੇ ਪੱਤਿਆਂ ਨਾਲ ਮਿਲਦੇ ਜੁਲਦੇ ਹਨ ਪਰ ਉਸ ਵਰਗੇ ਲੰਬੇ ਨਹੀਂ ਹੁੰਦੇ।ਫਲ ਜੰਗਲੀ ਬੇਰ ਦੇ ਬਰਾਬਰ ਗੋਲ ਇਕ ਬਾਰੀਕ ਗਿਲਾਫ (Cover)

ਵਿੱਚ ਲਪੇਟੇ ਹੋਏ ਹੁੰਦੇ ਹਨ। ਇਸ ਬੂਟੀ ਦਾ ਸਵਾਦ ਕੌੜਾ ਹੁੰਦਾ ਹੈ ਅਗਰ ਪੱਤਿਆਂ ਨੂੰ ਹੱਥ ਨਾਲ ਮਲ ਕੇ ਸੁੰਘਿਆ ਜਾਵੇ ਇਨ੍ਹਾਂ ਵਿਚੋਂ ਵੀ ਕੌੜੀ ਬੋ ਆਉਂਦੀ ਹੈ। ਇਸ ਦੀ ਜੜ੍ਹ ਵਿਚੋਂ ਘੋੜੇ ਦੇ ਮੂਤਰ ਸਮਾਨ ਬਦਬੂ ਆਉਂਦੀ ਹੈ। ਜੜ੍ਹ ਦੇ ਸੁੱਕ ਜਾਣ ਨਾਲ ਬਦਬੂ ਨਹੀਂ ਆਉਂਦੀ।

ਲਾਭ : ਅਸਗੰਧ ਦੇ ਪੱਤੇ ਹਰ ਕਿਸਮ ਦੀ ਸੋਜਨ ਨੂੰ ਦੂਰ ਕਰਦੇ ਹਨ। ਕੋਈ ਫੋੜਾ ਹੋਵੇ ਜਾਂ ਜੋੜ ਸੁੱਜੇ ਹੋਏ ਹੋਣ ਤਾਂ ਇਸਦੇ ਪੱਤੇ ਤੇਲ ਨਾਲ ਚੋਪੜ ਕੇ ਗਰਮ ਕਰਕੇ ਬੰਨਣ ਨਾਲ ਸੋਜਨ ਦੂਰ ਹੋ ਜਾਵੇਗੀ। ਅਗਰ ਦਰਦ ਹੋਵੇਗਾ ਉਹ ਵੀ ਠੀਕ ਹੋ ਜਾਵੇਗਾ। ਅਸਗੰਧ ਦੀ ਜੜ ਸਰੀਰ ਨੂੰ ਤਾਕਤ ਦਿੰਦੀ ਹੈ। ਮਰਦਾਨਾ ਤਾਕਤ ਨੂੰ ਵਧਾਉਂਦੀ ਹੈ। ਜੋੜਾਂ ਦੇ ਦਰਦ ਅਤੇ ਕਮਰ ਦੇ ਦਰਦ ਨੂੰ ਦੂਰ ਕਰ ਦਿੰਦੀ ਹੈ। ਦਵਾਈ ਦੇ ਲਈ ਜਿਆਦਾਤਰ ਜੜ੍ਹਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਹ ਤਿੰਨਾਂ ਦੋਸਾਂ (ਵਾਤ, ਪਿੱਤ, ਕੱਫ) ਨੂੰ ਦੂਰ ਕਰਦੀ ਹੈ।

ਮਾਤਰਾ : ਚੂਰਣ ਦੀ ਮਾਤਰਾ-੩-੬ ਗ੍ਰਾਮ, ਖਾਰ-੧-੨ ਗ੍ਰਾਮ

## ਅਸਗੰਧ ਦੇ ਘਰੇਲੂ ਆਯੁਰਵੈਦਿਕ ਪ੍ਰਯੋਗ

**ਸ਼ਰੀਰਕ ਕਮਜੋਰੀ** : ਸਫੈਦ ਮੂਸਲੀ ੫੦ ਗ੍ਰਾਮ+ਬਿਦਾਰਾ ੫੦ ਗ੍ਰਾਮ+ਅਸਗੰਧ ੫੦ ਗ੍ਰਾਮ। ਇਨ੍ਹਾਂ ਤਿੰਨ੍ਹਾਂ ਦਵਾਈਆਂ ਨੂੰ ਲੈ ਕੇ ਇਨ੍ਹਾਂ ਦਾ ਚੂਰਣ ਬਣਾ ਦਿਓ। ਇਸ ਵਿੱਚ ੧੫੦ ਗ੍ਰਾਮ ਮਿਸ਼ਰੀ ਮਿਲਾ ਲਓ। ਸਾਰਾ ਮਿਸ਼ਰਣ ੩੦੦ ਗ੍ਰਾਮ ਬਣ ਗਿਆ। ਇਹ ਚੂਰਣ ੬ ਗ੍ਰਾਮ ਗਾਂ ਦੇ ਦੁੱਧ ਨਾਲ ਸਵੇਰੇ ਪ੍ਰਯੋਗ ਕਰੋ। ਇਹ ਸਰੀਰਕ ਕਮਜੋਰੀ ਦੂਰ ਕਰਦਾ ਹੈ।

**ਬੁਢਾਪੇ ਦੀ ਕਮਜੋਰੀ** : ਅਸਗੰਧ ਚੁਰਣ ੧੨੦ ਗ੍ਰਾਮ+੫ ਗ੍ਰਾਮ ਬੰਗ ਭਸਮ ਮਿਲਾਕੇ ਰਖ ਲਓ। ਇਸ ਚੂਰਣ ਦਾ ਇਕ ਚਮਚਾ (੩ ਗ੍ਰਾਮ) ਕੋਸੇ ਦੁੱਧ ਨਾਲ ਪ੍ਰਯੋਗ ਕਰੋ। ਬੁੱਢਾਪੇ ਦੀ ਕਮਜੋਰੀ ਲਈ ਲਾਭਦਾਇਕ ਹੈ।

**ਪੇਸ਼ਾਬ ਦੇ ਰੋਗ** : ਅਸਗੰਧ ਨਾਗੋਰੀ ਦੇ ਬੀਜਾਂ ਦਾ ਚੂਰਣ ੪ ਗ੍ਰਾਮ ਦੀ ਮਾਤਰਾ ਵਿੱਚ ਤਾਜਾ ਪਾਣੀ ਨਾਲ ਫੱਕ ਲਓ। ਇਸ ਨਾਲ ਪੇਸ਼ਾਬ ਦੀ ਜਲਨ, ਪੇਸ਼ਾਬ ਦਾ ਬਾਰ ਬਾਰ ਆਉਣਾ, ਜਿਆਦਾ ਆਉਣਾ, ਰੁੱਕ ਰੁੱਕ ਕੇ ਆਉਣਾ, ਦੇ ਲਾਭਦਾਇਕ ਹੈ।

**ਬੰਧੇਜਪੰਨ (ਬਾਂਝਪਨ)** : ਅਸਗੰਧ ਨਾਗੌਰੀ ੫ ਗ੍ਰਾਮ ਨੂੰ ਗਾਂ ਦੇ ਘਿਓ ਨਾਲ ਨਰਮ ਅੱਗ ਤੇ ਭੁਨ ਲਓ ਫਿਰ ਇਸ ਵਿੱਚ ਦੁਧ ਤੇ ਮਿਸ਼ਰੀ ਪਾ ਕੇ ਉਬਾਲੋ ਜਦੋ ਮਿਸ਼ਰਨ ਗਾੜਾ ਹੋ ਜਾਏ ਅੱਗ ਤੋਂ ਉਤਾਰ ਕੇ ਠੰਡਾ ਕਰ ਲਓ। ਮਾਂਹਵਾਰੀ ਖਤਮ ਹੋਣ ਤੋਂ ਬਾਅਦ ਤੀਸਰੇ ਦਿਨ ਤੋਂ ਲੈ ਕੇ ਇਹ ਨੁਸਖਾ ੧੨ ਦਿਨਾਂ ਤਕ ਸਵੇਰੇ ਔਰਤ ਨੂੰ ਇਸਤਮਾਲ ਕਰਾਓ। ਮੁਰਾਦ ਪੂਰੀ ਹੋ ਜਾਵੇਗੀ।

**ਅਸਗੰਧ ਵਟੀ** : ਪੀਪਲ ੨੦ ਗ੍ਰਾਮ+ਪਿਪਲਾਮੂਲ ੨੦ ਗ੍ਰਾਮ+ਅਜਵਾਇਨ ੨੦ ਗ੍ਰਾਮ +ਸਭਾਵਰ ੪੦ ਗ੍ਰਾਮ +ਬਿਦਾਰਾ ੪੦ ਗ੍ਰਾਮ +ਸੁੰਢ ੪੦੦ ਗ੍ਰਾਮ +ਅਸਗੰਧ ਨਾਗੌਰੀ ੪੦ ਗ੍ਰਾਮ ਸਾਰੀਆਂ ਦਵਾਈਆਂ ਨੂੰ ਬਾਰੀਕ ਪੀਸ ਕੇ ਛਾਨ ਲਓ। ਗੁੜ ਜ਼ਰੂਰਤ ਦੇ ਅਨੁਸਾਰ ਮਿਲਾ ਕੇ (ਗੋਲੀ ਬਣਾਉਣ ਦੇ ਕਾਬਿਲ ਹੋਵੇ) ਜੰਗਲੀ ਬੇਰ ਦੇ (ਛੋਟੇ ਬੇਰ) ਦੇ ਬਰਾਬਰ ਗੋਲੀਆਂ ਬਣਾ ਲਓ। ਇਹ ਗੋਲੀਆਂ ਜੋੜ੍ਹਾਂ ਦੇ ਦਰਦ, ਕਰਮ ਦਰਦ ਦੇ ਲਈ ਮੁੱਜਰਬ ਹਨ।

**ਗੰਠਿਆ** : ਅਸਗੰਧ ਨਗੌਰੀ ਦੀ ਜੜ੍ਹ ਲੈ ਕੇ ਛਾਇਆ ਵਿੱਚ ਸੁਕਾ ਲਓ। ਪਾਊਡਰ ਬਣਾ ਲਓ। ਇਸ ਦੇ ਬਰਾਬਰ ਖੰਡ ਮਿਲਾਕੇ ਸਾਂਭ ਕੇ ਰਖੋ। ਜੋੜ੍ਹਾਂ ਦਾ ਜਕੜਿਆ ਹੋਇਆ ਮਰੀਜ਼ ਨੂੰ ੬ ਗ੍ਰਾਮ ਪਾਊਡਰ ਲੈ ਕੇ ਅੱਧਾ ਕਿਲੋ ਗਰਮ ਦੁੱਧ ਦੇ ਨਾਲ ਇਸਤੇਮਾਲ ਕਰਾਓ। ਉਸੇ ਦਿਨ ਪਸੀਨਾ ਆ ਕੇ ਜਕੜਿਆ ਹੋਇਆ ਮਰੀਜ ਆਰਾਮ ਮਹਿਸੂਸ ਕਰੇਗਾ। ਇਕ ਹਫਤੇ ਲਗਾਤਾਰ ਪ੍ਰਯੋਗ ਕਰਨ ਦੇ ਨਾਲ ਰੋਗੀ ਠੀਕ ਹੋ ਜਾਵੇਗਾ। ਪ੍ਰਮਾਤਮਾ ਦੀ ਕ੍ਰਿਪਾ ਹੋਵੇਗੀ।

**ਬਲੱਡ ਪ੍ਰੈਸ਼ਰ ਦੀ ਕਮੀ** : ਅਸਗੰਧ ੪੦ ਗ੍ਰਾਮ + ਪਿਪਲਾਮੂਲ ੪੦ ਗ੍ਰਾਮ ਲੈ ਕੇ ਚੂਰਣ ਬਣਾ ਲਓ। ੩-੪ ਗ੍ਰਾਮ ਦੀ ਮਾਤਰਾ ਵਿੱਚ ਦਿਨ ੧-੨ ਵਾਰ ਦੇਣ ਨਾਲ ਬਲੱਡ ਪ੍ਰੈਸਰ ਵਧ ਜਾਂਦਾ ਹੈ। ਦਿਲ, ਧਮਨੀਆਂ ਨੂੰ ਬਲ ਮਿਲਦਾ ਹੈ।

**ਦਿਲ ਦਾ ਦਰਦ** : ਅਸਗੰਧ ਅਤੇ ਬਹੇੜਾ ਚੂਰਣ ਬਰਾਬਰ ਵਜਨ ਲੈ ਕੇ ਗੁੜ ਮਿਲਾ ਕੇ ਜੰਗਲ ਬੇਰ ਦੇ ਸਮਾਨ ਗੋਲੀ ਬਣਾ ਲਓ। ਇਸ ਨੂੰ ਪ੍ਰਯੋਗ ਕਰਨ ਨਾਲ ਹਿਰਦੇ ਸੂਲ (ਦਿਲ ਦਾ ਦਰਦ) ਸ਼ਾਂਤ ਹੋ ਜਾਂਦਾ ਹੈ ।

**ਕਮਜ਼ੋਰੀ ਦਿਮਾਗ** : ਅਸਗੰਧ ੪੦ ਗ੍ਰਾਮ+ਬ੍ਰਹਮੀ ੪੦ ਗ੍ਰਾਮ ਦੋਵਾਂ ਦਾ ਚੂਰਣ ਬਚਾ ਕੇ ੪-੬ ਗ੍ਰਾਮ ਤਕ ਸਹਿਦ ਦੇ ਨਾਲ ਚਟਾਉਣ ਨਾਲ ਕਮਜੋਰੀ ਦਿਮਾਗ ਦੂਰ ਹੁੰਦੀ ਹੈ। ਯਾਦਾਸ਼ਤ ਵਿੱਚ ਵਾਧਾ ਹੁੰਦਾ ਹੈ।

**ਸ਼ਾਸ਼ਤਰੀ ਯੋਗ** : ਹੇਠ ਲਿਖੇ ਕੁਝ ਸ਼ਾਸ਼ਤਰੀ ਯੋਗ ਦੀ ਜਾਣਕਾਰੀ ਦੇ ਰਹੇ ਹਾਂ। ਇਹ ਯੋਗ ਆਯੁਰਵੈਦਿਕ ਗ੍ਰੰਥਾਂ ਦੇ ਹਨ। ਇਨ੍ਹਾਂ ਯੋਗਾਂ ਨੂੰ ਆਯੂਰਵੈਦਿਕ ਕੰਪਨੀਆਂ ਡਾਬਰ, ਵੈਦਨਾਥ, ਜੰਡੂ, ਗੁਰੂ ਕੁਲ ਕਾਂਗੜੀ ਤਿਆਰ ਕਰਦੀਆਂ ਹਨ। ਇਹ ਲੈ ਕੇ ਪਰਚਾ ਤਕਰੀਬ ਦੇ ਅਨੁਸਾਰ ਇਨ੍ਹਾਂ ਦਾ ਪ੍ਰਯੋਗ ਕਰੋ।

੧) ਅਸ਼ਵ ਗੰਧਾਦਿ ਚੂਰਨ (ਬੰਗਸੈਨ ਗ੍ਰੰਥ)-ਅਸ਼ਵਗੰਧਾ+ਅਲਸੀ+ਸੁੰਢ+ਸੰਭਾਲੂ+ ਪੀਪਲ+ਅਪਰਾਜਿਤਾ ਸਾਹੀਆਂ ਦਵਾਈਆਂ ਬਰਾਬਰ ਵਜ਼ਨ ਲੈ ਲਓ। ਚੂਰਣ ਬਣਾ ਲਓ।

ਮਾਤਰਾ ੫ ਗ੍ਰਾਮ ਨੂੰ ੨੫੦ ਗ੍ਰਾਮ ਗਾਂ ਦਾ ਦੁੱਧ ਨਾਲ ਦਿਨ ਵਿੱਚ ਇੱਕ ਵਾਰੀ।

**ਗੁਣ** : ਸਤਾਂ ਧਾਤੂਆਂ ਨੂੰ ਵਧਾਉਣ ਵਾਲਾ, ਪੋਸ਼ਟਿਕ ਅਤੇ ਜੋੜ੍ਹਾਂ ਦੀ ਪੀੜਾਂ ਨੂੰ ਨਾਸ ਕਰਨ ਵਾਲਾ ਹੈ। ਇਹ ਚੂਰਣ ਰਸਾਇਣ ਹੈ।

੨. ਅਸ਼ਵ ਗੰਧਾ ਰਿਸ਼ਟ(ਭੈਸ਼ਜਯ ਰਤਾਵਲੀ)-ਇਹ ਅਰਿਸ਼ਟ ਬੇਹੋਸ਼ੀ ਹਿਸਟਿਰੀਆ, ਟੀ.ਬੀ., ਪਾਗਲਪਨ, ਬਵਾਸੀਰ, ਬਦਹਜ਼ਮੀ ਅਤੇ ਵਾਤ ਰੋਗ ਨਾਸ਼ਕ ਹੈ :

'ਅਸਗੰਧ ਨਾਗੌਰੀ ਕਾ ਸਾਰਾ ਜਹਾਂ ਕਾਇਲ ਹੁਆ
ਜਿੰਦਗਾਨੀ ਕਾ ਹਕੀਕੀ ਲੁਤਫ ਭੀ ਹਾਸਿਲ ਹੂਆ
ਕੋਨ ਹੈ ਜਿਸ ਕਾ ਕਿ ਇਸ ਪਰ ਦਿਲ ਨਹੀਂ ਸਾਇਲ ਹੂਆ
ਇਸ ਕੀ ਤਾਸੀਰ ਸ਼ਾਫੀ ਕਾ ਹਰ ਬਸ਼ਰ ਸਾਇਲ ਹੂਆ'

-੦-੦-੦-

# ਭੋਲੇ ਭਾਇ ਮਿਲੇ ਰਘੁਰਾਇਆ ॥

-ਸ.ਹਰੀ ਸਿੰਘ ਕੁਵੈਤ ਵਾਲੇ, ਮੋ :98140-07847

ਚਤੁਰਾਈਆਂ ਤੇ ਸਿਆਣਪਾਂ ਤੋਂ ਬਿਨਾਂ ਸੰਸਾਰ ਵਿੱਚ ਸਫ਼ਲਤਾ ਪ੍ਰਾਪਤ ਕਰਨੀ ਬਹੁਤ ਕਠਿਨ ਹੈ ਪਰ ਭੋਲੇ ਭਾਇ ਸੁਭਾਓ ਤੋਂ ਬਿਨਾਂ ਕਰਤਾਰ ਨਾਲ ਮਿਲਾਪ ਨਹੀਂ ਹੋ ਸਕਦਾ। ਸਾਨੂੰ ਆਪਣੀਆਂ ਚਤੁਰਾਈਆਂ, ਸਿਆਣਪਾਂ ਤੇ ਬਾਹੂਬਲ ਉੱਪਰ ਬਹੁਤ ਭਰੋਸਾ ਹੈ ਤਦੇ ਕੋਈ ਗੱਲ ਨਹੀਂ ਬਣਦੀ। ਇਹ ਠੀਕ ਹੈ ਕਿ ਜਿੱਥੇ ਇਹ ਚਤੁਰਾਈਆਂ ਤੇ ਸਿਆਣਪਾਂ ਸੰਸਾਰ ਵਿਚ ਬੁਲੰਦੀਆਂ ਤੱਕ ਲੈ ਜਾਂਦੀਆਂ ਹਨ ਉਥੇ ਪਰਮਾਰਥ ਦੇ ਰਾਹ ਵਿਚ ਇਹ ਬਹੁਤ ਸਹਾਇਤਾ ਨਹੀਂ ਕਰਦੀਆਂ। ਹੋਰ ਜਿੰਨੀਆਂ ਇਹ ਵੱਧਦੀਆ ਹਨ, ਉਤਨਾਂ ਹੀ ਮਨ ਖਿੰਡਦਾ ਹੈ। ਭਗਤ ਕਬੀਰ ਜੀ ਪੁਸ਼ਟੀ ਕਰਦੇ ਹਨ:-

**ਕਹੁ ਕਬੀਰ ਭਗਤਿ ਕਰਿ ਪਾਇਆ ॥ ਭੋਲੇ ਭਾਇ ਮਿਲੇ ਰਘੁਰਾਇਆ ॥**

(ਅੰਗ-੩੨੪)

ਭੋਲੇਪਨ ਦਾ ਭਾਵ ਹੈ ਕਿ ਅਸੀਂ ਅੰਦਰੋਂ ਬਾਹਰੋ ਇੱਕ ਹੋਈਏ। ਜੋ ਦਿਲ ਵਿੱਚ ਹੈ ਉਹ ਹੀ ਜੁਬਾਨ ਉਪਰ ਹੋਵੇ। ਬਾਬਾ ਫਰੀਦ ਜੀ ਇਸ ਬਾਰੇ ਬਹੁਤ ਸੁੰਦਰ ਬਿਆਨ ਕਰਦੇ ਹਨ :-

**ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥**
**ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥੧॥** (ਅੰਗ-੪੮੮)

ਵੇਖਿਆ ਜਾਵੇ ਤਾਂ ਅਸਲੀ ਅਰਥਾਂ ਵਿੱਚ ਭੋਲਾ ਸੁਭਾਓ ਛੋਟੇ ਬੱਚੇ ਦਾ ਹੁੰਦਾ ਹੈ। ਬੱਚਾ ਨਿਰਵੈਰ, ਦਿਲ ਦਾ ਸਾਫ ਤੇ ਸਦਾ ਸੱਚ ਬੋਲਦਾ ਹੈ। ਇਥੋਂ ਤੱਕ ਕਿ ਜੇ ਬਾਹਰ ਬਾਪੂ ਨੂੰ ਕੋਈ ਮਿਲਣ ਆਵੇ ਤੇ ਬਾਪੂ ਅੰਦਰੋਂ ਆਪਣੇ ਬੱਚੇ ਨੂੰ ਕਹੇ ਕਿ ਜਾ ਕੇ ਕਹਿ ਦੇ ਕਿ ਬਾਪੂ ਘਰ ਨਹੀਂ ਹੈ ਤਾਂ ਉਹ ਜਾ ਕੇ ਸਾਫ ਬੋਲ ਦੇਵੇਗਾ ਕਿ ਬਾਪੂ ਜੀ ਕਹਿੰਦੇ ਹਨ ਕਿ ਉਹ ਘਰ ਨਹੀਂ ਹਨ। ਬੱਚੇ ਦਾ ਮਨ ਨਿਰਮਲ ਹੁੰਦਾ ਹੈ ਤੇ ਉਸ ਤੇ ਕਿਸੇ ਪ੍ਰਕਾਰ ਦਾ ਰੰਗ ਬਹੁਤ ਅਸਾਨੀ ਨਾਲ ਚੜ੍ਹ ਜਾਂਦਾ ਹੈ। ਤਦੇ ਕਬੀਰ ਸਾਹਿਬ ਜੀ ਵੀ ਸਾਨੂੰ ਪ੍ਰੇਰਨਾ ਦਿੰਦੇ ਹਨ ਕਿ ਨਾਮ ਜਪਣਾ ਹੈ ਤਾਂ ਭਗਤ ਧਰੂ ਤੇ ਪ੍ਰਹਿਲਾਦ ਵਾਗੂ ਜਪੋ :-

**ਰਾਮ ਜਪਉ ਜੀਅ ਐਸੇ ਐਸੇ ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥** (ਅੰਗ-੩੩੭)

ਹੋਰ ਬੱਚੇ ਆਪਣੇ ਇਸ ਭੋਲੇਪਨ ਕਾਰਨ ਕਿਸੇ ਸਵਰਗ ਵਿੱਚ ਰਹਿੰਦੇ ਹਨ। ਉਹ ਜਿਉਂ-ਜਿਉਂ ਵੱਡੇ ਹੁੰਦੇ ਹਨ, ਅਸੀਂ ਉਨ੍ਹਾਂ ਨੂੰ ਪੜ੍ਹਾ ਸਿਖਾ ਕੇ ਉਨ੍ਹਾਂ ਦਾ ਇਹ ਸਵਰਗ ਖੋਹ ਲੈਂਦੇ ਹਾਂ ਤੇ ਫਿਰ ਉਹ ਇਸ ਸੰਸਾਰ ਵਿੱਚ ਹੀ ਖਚਿਤ ਹੋ ਜਾਂਦੇ ਹਨ।

ਭੋਲੇਪਨ ਵਾਲੇ ਸੁਭਾਓ ਦਾ ਅਰਥ ਅਗਿਆਨੀ ਜਾਂ ਬੇਵਕੂਫ ਹਰਗਿਜ਼ ਨਹੀਂ ਲੈਣਾ

ਚਾਹੀਦਾ। ਇਹ ਤਾਂ ਸਗੋਂ ਇੱਕ ਉੱਚੀ ਅਵਸਥਾ ਹੈ, ਜਿੱਥੇ ਕਿਸੇ ਨਾਲ ਆਪਣੇ ਅੰਦਰ ਕੋਈ ਵੈਰ ਵਿਰੋਧ ਨਾ ਰਹੇ ਤੇ ਫਿਰ ਲਾਜ਼ਮੀ ਉਸ ਉੱਪਰ ਸਾਡਾ ਭਰੋਸਾ, ਵਿਸ਼ਵਾਸ ਤੇ ਸਿਦਕ ਪੱਕਾ ਹੋਵੇਗਾ। ਗੁਰਬਾਣੀ ਦੱਸਦੀ ਹੈ ਕਿ ਕਿਸੇ ਕੰਮ ਨੂੰ ਸਫ਼ਲਤਾ ਨਾਲ ਕਰਨ ਲਈ, ਪਹਿਲੀ ਸ਼ਰਤ ਹੈ ਕਿ ਉਸ ਕੰਮ ਬਾਰੇ, ਸਾਨੂੰ ਪਰਮਾਤਮਾ ਤੇ ਪੱਕਾ ਭਰੋਸਾ ਤੇ ਸਿਦਕ ਹੋਵੇ ਕਿ ਉਹ ਸਾਡਾ ਕੰਮ ਜ਼ਰੂਰ ਰਾਸ ਕਰੇਗਾ। ਹਾਂ, ਇਹ ਸੱਚ ਹੈ ਕਿ ਸਾਨੂੰ ਵੀ ਉਸ ਕੰਮ ਦੀ ਸਫ਼ਲਤਾ ਲਈ ਆਪਣੇ ਵੱਲੋਂ ਪੂਰਾ ਉੱਦਮ ਤੇ ਮਿਹਨਤ ਕਰਨੀ ਹੈ ਪਰ ਇਹ ਸਭ ਕੁਝ ਕਰਕੇ ਪਰਮਾਤਮਾ ਦੀ ਮਿਹਰ ਨੂੰ ਵੀ ਪੁਕਾਰਨਾ ਹੋਵੇਗਾ। ਜਿਵੇਂ :-

**ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥**
**ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ ॥** (ਅੰਗ-੯੧)

ਪਰ ਸਾਡੀ ਮੁਸ਼ਕਿਲ ਇਹ ਹੈ ਕਿ ਅਸੀਂ ਜ਼ਿਆਦਾਤਰ ਇਸ ਸੱਚਾਈ ਬਾਰੇ ਭੁੱਲ ਜਾਂਦੇ ਹਾਂ। ਬੱਸ ! ਆਪਣੀ ਸਫ਼ਲਤਾ ਲਈ ਕੇਵਲ ਕੋਸ਼ਿਸ਼ਾਂ, ਚਤੁਰਾਈਆਂ, ਲੋਕਾਂ ਦੀਆਂ ਸਿਫਾਰਸ਼ਾਂ ਤੇ ਰਿਸ਼ਵਤਾਂ ਉੱਤੇ ਹੀ ਜ਼ਿਆਦਾ ਭਰੋਸਾ ਕਰਦੇ ਰਹਿੰਦੇ ਹਾਂ ਤੇ ਪਰਮਾਤਮਾ ਦੀ ਸਹਾਇਤਾ ਦੀ ਲੋੜ ਹੀ ਮਹਿਸੂਸ ਨਹੀਂ ਕਰਦੇ। ਐਸੀ ਹਾਲਤ ਵਿੱਚ ਪਰਮਾਤਮਾ ਵੀ ਸਾਡੇ ਵੱਲੋਂ ਬੇਫਿਕਰ ਹੋ ਜਾਂਦਾ ਹੈ ਕਿਉਂਕਿ ਉਹ ਨਿਆਸਰਿਆਂ ਦਾ ਆਸਰਾ ਹੈ, ਪਰ ਜੇ ਅਸੀ ਦੁਨਿਆਵੀ ਆਸਰਿਆਂ ਦੀ ਟੇਕ ਰੱਖੀਏ ਤਾਂ ਉਹ ਵੀ ਸਾਡੀ ਪਰਵਾਹ ਨਹੀਂ ਕਰਦਾ।

ਚੰਗੇ ਤੇ ਨੇਕ ਕਰਮਾਂ ਉੱਪਰ ਜਿਸ ਕਾਰਜ ਦੀ ਬੁਨਿਆਦ ਰੱਖੀ ਜਾਵੇ ਤਾਂ ਸਫ਼ਲਤਾ ਲਾਜ਼ਮੀ ਪ੍ਰਾਪਤ ਹੋਵੇਗੀ।

-o-o-o-


## ਸੰਸਥਾ 'ਗੁਰਬਾਣੀ ਇਸੁ ਜਗ ਮਹਿ ਚਾਨਣੁ'

ਭਵਨ ਨੰ.6, ਫੇਜ 3-ਏ, ਐਸ.ਏ.ਐਸ.ਨਗਰ (ਮੋਹਾਲੀ) ਵਿਖੇ,

## ਮਹੀਨਾ ਵਾਰੀ ਗੁਰਮਤਿ ਸਮਾਗਮ

**ਦੂਜਾ ਸਨੀਵਾਰ 10 ਫਰਵਰੀ 2024 ਨੂੰ**

10.00 ਤੋਂ 01.00 ਵਜੇ ਦੁਪਹਿਰ ਤਕ

ਸ਼ਬਦ-ਕੀਰਤਨ ਅਤੇ ਸ਼ਬਦ-ਵੀਚਾਰ ਹੋਵੇਗੀ।

ਸਤਿਸੰਗ ਵਿੱਚ ਦਰਸ਼ਨ ਦੇ ਕੇ ਲਾਭ ਉਠਾਓ ਜੀ।

**ਗੁਰੂ ਕਾ ਲੰਗਰ ਅਤੁੱਟ ਵਰਤੇਗਾ।**

# ਮੋਰਚਾ ਗੁਰਦੁਆਰਾ ਗੰਗਸਰ ਜੈਤੋਂ (ਸੰਨ ੧੯੨੩)
# (ਪਹਿਲੀ ਸ਼ਤਾਬਦੀ ਨੂੰ ਸਮਰਪਿਤ)

-ਡਾ.ਗੁਰਬਚਨ ਸਿੰਘ, ਮੋ 98781-49511

ਮਹਾਨ ਕੋਸ਼ ਅਨੁਸਾਰ ਮੋਰਚਾ ਫਾਰਸੀ ਦਾ ਸ਼ਬਦ ਹੈ ਜਿਸ ਦਾ ਭਾਵ ਹੈ ਕਿਲ੍ਹੇ ਦੀ ਕੰਧ ਵਿੱਚ ਲਾਇਆ ਪਾੜ, ਜਿਸ ਵਿਚੋਂ ਵੈਰੀ ਤੇ ਤੀਰ ਜਾਂ ਗੋਲੀ ਦਾ ਵਾਰ ਕੀਤਾ ਜਾਂਦਾ ਸੀ। ਇਸ ਸਬਦ ਦਾ ਦੂਜਾ ਅਰਥ ਹੈ ਧਰਤੀ ਵਿੱਚ ਪੁੱਟਿਆ ਟੋਆ ਜਿਸ ਵਿੱਚ ਬੈਠ ਕੇ ਦੁਸ਼ਮਣ ਤੋਂ ਬਚਾਅ ਕਰਕੇ ਵਾਰ ਕੀਤਾ ਜਾਂਦਾ ਸੀ। ਪਰ ਸਿੱਖ ਇਤਿਹਾਸ ਵਿੱਚ ਇਸ ਸ਼ਬਦ ਦੀ ਵਰਤੋਂ 'ਅੰਦੋਲਨ' ਜਾਂ 'ਸੱਤਿਆ ਗ੍ਰਹਿ' ਦੇ ਭਾਵ ਵਿੱਚ ਗੁਰਦੁਆਰਾ ਸੁਧਾਰ ਲਹਿਰ ਸਮੇਂ ਸ਼ੁਰੂ ਹੋਈ। ਅੰਗ੍ਰੇਜੀ ਸਰਕਾਰ ਵਲੋਂ ਗੁਰਦੁਆਰਿਆਂ ਤੇ ਕਾਬਜ਼ ਮਹੰਤਾਂ ਦੀ ਪਿੱਠ ਠੋਕਣ ਕਰਕੇ ਗੁਰਦੁਆਰਿਆਂ ਦੀ ਮਰਯਾਦਾ ਭੰਗ ਹੋ ਚੁੱਕੀ ਸੀ। ਉਸ ਸਮੇਂ 'ਅਕਾਲੀ ਲਹਿਰ ਜਾਂ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋਈ ਜਿਸ ਵਿੱਚ ਕਈ ਮੋਰਚੇ ਲਗੇ ਜਿਵੇਂ ਬਾਬੇ ਦੀ ਬੇਰ ਸਿਆਲਕੋਟ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਤਰਨਤਾਰਨ ਸਾਹਿਬ, ਸ੍ਰੀ ਪੰਜਾ ਸਾਹਿਬ, ਸ੍ਰੀ ਨਨਕਾਣਾ ਸਾਹਿਬ, ਦਰਬਾਰ ਸਾਹਿਬ ਦੇ ਤੋਸ਼ੇਖਾਨੇ ਦੀਆਂ ਚਾਬੀਆਂ, ਭਾਈ ਫੇਰੂ ਅਤੇ ਗੰਗਸਰ ਜੈਤੋ। ਜੈਤੋਂ ਮੰਡੀ ਅੱਜ ਕੱਲ੍ਹ ਫਰੀਦਕੋਟ ਜ਼ਿਲ੍ਹੇ ਦਾ ਇੱਕ ਨਗਰ ਹੈ। ਪਰ ਸੰਨ ੧੯੪੭ ਤੋਂ ਪਹਿਲਾਂ ਇਹ ਕਸਬਾ ਰਿਆਸਤ ਨਾਭਾ ਵਿੱਚ ਸ਼ਾਮਲ ਸੀ। ਇਹ ਨਗਰ ਬਠਿੰਡਾ ਸ਼ਹਿਰ ਤੋਂ ਲਗ-ਪਗ ੨੧ ਕਿ.ਮੀ. ਦੂਰ ਬਠਿੰਡਾ-ਫਰੀਦਕੋਟ ਸੜਕ ਤੇ ਸਥਿਤ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਤਸ਼ਾਹ ਨੇ ੨੮ ਦਸੰਬਰ ੧੭੦੫ ਨੂੰ ਜੈਤੋਂ ਨਗਰ ਵਿੱਚ ਚਰਨ ਪਾਏ। ਇਸ ਅਸਥਾਨ ਤੇ ਪਵਿੱਤਰ ਗੁਰਦੁਆਰਾ ਗੰਗਸਰ ਸਾਹਿਬ ਸ਼ੁਸੋਭਿਤ ਹੈ, ਜੋ ਕਿ ਪੁਰਾਣੇ ਜੈਤੋਂ ਪਿੰਡ ਦੇ ਕਿਲ੍ਹੇ ਕੋਲ ਹੈ। ਇਥੇ ਗੰਗਸਰ ਸਰੋਵਰ ਹੈ ਜਿਸ ਕਰਕੇ ਅਸਥਾਨ ਦਾ ਨਾਮ ਗੰਗਸਰ ਜੈਤੋਂ ਪ੍ਰਚੱਲਤ ਹੈ। ਪੁਰਾਤਨ ਕਥਾ ਅਨੁਸਾਰ ਗੁਰੂ ਜੀ ਦੇ ਜੈਤੋਂ ਆਗਮਨ ਸਮੇਂ ਇਥੇ ਇੱਕ ਟੋਭਾ ਸੀ। ਸਿੰਘਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਅਸੀਂ ਗੰਗਾ ਇਸ਼ਨਾਨ ਕਰਨਾ ਚਾਹੁੰਦੇ ਹਾਂ। ਦਸਮੇਸ਼ ਪਿਤਾ ਜੀ ਨੇ ਕਿਹਾ ਕਿ ਤੁਸੀਂ ਅੱਖਾਂ ਮੀਟ ਕੇ ਇਸ ਟੋਭੇ ਵਿੱਚ ਚੁੱਭੀ ਮਾਰੋ ਤਾਂ ਤੁਹਾਨੂੰ ਗੰਗਾ ਦਾ ਨਜ਼ਾਰਾ ਦਿਖਾਈ ਦੇਵੇਗਾ। ਸਿੰਘਾਂ ਨੇ ਇਸ ਤਰ੍ਹਾਂ ਕੀਤਾ ਤਾਂ ਉਨ੍ਹਾਂ ਨੂੰ ਗੰਗਾ ਵਗਦੀ ਨਜ਼ਰ ਆਈ। ਉਸ ਦਿਨ ਤੋਂ ਇਸ ਅਸਥਾਨ ਦਾ ਨਾਮ ਗੰਗਸਰ ਰੱਖਿਆ ਗਿਆ। ਦੂਜਾ ਗੁਰਦੁਆਰਾ ਟਿੱਬੀ ਸਾਹਿਬ, ਜੈਤੋਂ ਦੇ ਉੱਤਰ ਵਲ ੨ ਕਿ.ਮੀ. ਦੀ ਦੂਰੀ ਤੇ ਹੈ। ਇਸ ਅਸਥਾਨ ਤੇ ਦਸਮ ਪਾਤਸ਼ਾਹ ਸੋਦਰ ਰਹਿਰਾਸ ਦਾ ਦੀਵਾਨ ਸਜਾਇਆ ਕਰਦੇ ਸਨ। ਤੀਸਰਾ ਅਸਥਾਨ ਗੁਰਦੁਆਰਾ ਅੰਗੀਠਾ ਸਾਹਿਬ ਗੰਗਸਰ ਤੋਂ ਅੱਧਾ ਕਿ.ਮੀ. ਦੂਰ ਦੱਖਣ ਦਿਸ਼ਾ ਵਲ ਹੈ। ਇਸ

ਅਸਥਾਨ ਤੇ ਜੈਤੋਂ ਮੋਰਚੇ ਵਿੱਚ ਸ਼ਹੀਦ ਹੋਏ ਸਿੰਘਾਂ ਦਾ ਸਸਕਾਰ ਕੀਤਾ ਗਿਆ ਸੀ। ਗੰਗਸਰ ਜੈਤੋਂ ਮੋਰਚਾ ੨੫ ਸਤੰਬਰ ੧੯੨੩ ਨੂੰ ਸ਼ੁਰੂ ਹੋਇਆ ਅਤੇ ੯ ਅਗਸਤ ੧੯੨੫ ਨੂੰ ਫਤਿਹ ਹੋਇਆ।

ਨਾਭਾ ਰਿਆਸਤ : ਨਾਭਾ ਫੂਲਕਿਆਂ ਦੀ ਰਿਆਸਤ ਸੀ। ਬਾਬਾ ਫੂਲ (ਪਿੰਡ ਮਹਿਰਾਜ, ਬਠਿੰਡਾ) ਨੂੰ ਗੁਰੂ ਹਰਿ ਰਾਇ ਸਾਹਿਬ ਦੀ ਬਖਸ਼ਸ਼ ਨਾਲ ਰਾਜ ਭਾਗ ਦਾ ਵਰ ਪ੍ਰਾਪਤ ਹੋਇਆ। ਬਾਬਾ ਫੂਲ ਦੇ ਸਪੁੱਤਰਾਂ ਤਿਲੋਕਾ ਤੇ ਰਾਮਾ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਅਸ਼ੀਰਵਾਦ ਪ੍ਰਾਪਤ ਹੋਣ ਤੇ ਅੰਮ੍ਰਿਤ ਛਕਿਆ ਤੇ ਸਿੰਘ ਸਜ ਗਏ। ਦਸਮੇਸ਼ ਗੁਰੂ ਜੀ ਨੇ ਉਨ੍ਹਾਂ ਨੂੰ ਲਿਖੇ ਇੱਕ ਪੱਤਰ ਵਿੱਚ (ਸੰਨ ੧੬੯੬) 'ਤੇਰਾ ਘਰ ਮੇਰਾ ਘਰ' ਕਹਿ ਕੇ ਨਿਵਾਜਿਆ ਸੀ। ਭਾਈ ਤਿਲੋਕ ਸਿੰਘ ਦੇ ਪੜਪੋਤੇ ਹਮੀਰ ਸਿੰਘ ਨੇ ਨਾਭਾ ਰਾਜ ਦੀ ਨੀਂਹ ਰੱਖੀ। ਇਸੇ ਰਾਜ ਘਰਾਣੇ ਵਿੱਚ ਮਹਾਰਾਜਾ ਹੀਰਾ ਸਿੰਘ ਦੇ ਸਪੁੱਤਰ ਟਿੱਕਾ ਰਿਪਦੁੱਮਨ ਸਿੰਘ ੨੫ ਜਨਵਰੀ ੧੯੧੨ ਨੂੰ ਨਾਭੇ ਦੀ ਰਾਜ ਗੱਦੀ ਤੇ ਬੈਠੇ। ਇਸ ਤੋਂ ਪਹਿਲਾਂ ਟਿੱਕਾ ਸਾਹਿਬ ਹਿੰਦੁਸਤਾਨ ਦੇ ਅੰਗ੍ਰੇਜ਼ ਗਵਰਨਰ ਜਨਰਲ ਦੀ ਕੌਂਸਲ ਦੇ ਮੈਂਬਰ (ਸੰਨ ੧੯੦੬ ਤੋਂ ੧੯੦੮) ਰਹਿ ਚੁੱਕੇ ਸਨ। ਟਿੱਕਾ ਜੀ ਦਾ ਪਾਲਣ-ਪੋਸਣ ਤੇ ਪੜ੍ਹਾਈ ਸਿੱਖ ਮਾਹੌਲ ਵਿੱਚ, ਰਹਿਤਵਾਨ ਗੁਰਸਿੱਖ ਵਿਦਵਾਨਾਂ ਦੀ ਦੇਖ ਰੇਖ ਹੇਠ ਹੋਈ ਸੀ, ਇਸ ਕਰਕੇ ਇਨ੍ਹਾਂ ਦੇ ਅੰਦਰ ਸਿੱਖੀ ਜ਼ਜਬਾ ਤੇ ਪੰਥਕ ਪਿਆਰ ਭਰਪੂਰ ਸੀ। ਸਿੱਖ ਸੰਗਤਾਂ ਵਿੱਚ ਰਾਜਾ ਰਿਪਦੁੱਮਨ ਸਿੰਘ ਜੀ ਬਹੁਤ ਹਰਮਨ ਪਿਆਰੇ ਸਨ। ਨੌਂ ਜੁਲਾਈ ੧੯੨੩ ਨੂੰ ਮਹਾਰਾਜਾ ਨਾਭਾ ਨੂੰ ਅੰਗ੍ਰੇਜ਼ੀ ਸਰਕਾਰ ਨੇ ਫਰਜ਼ੀ ਪੜਤਾਲ ਕਰਾਕੇ ਗੱਦੀ ਤੋਂ ਲਾਹ ਦਿੱਤਾ। ਇਸ ਦੇ ਕਈ ਕਾਰਨ ਦੱਸੇ ਗਏ ਸਨ ਜਿਵੇਂ ਕਿ ਪਟਿਆਲਾ ਤੇ ਨਾਭਾ ਦੇ ਰਾਜਿਆਂ ਦਾ ਆਪਸੀ ਝਗੜਾ; ਮਹਾਰਾਜੇ ਦਾ ਸਿੱਖੀ ਪਿਆਰ; ਉਨ੍ਹਾਂ ਵਲੋਂ ਕੌਂਸਲ ਵਿੱਚ ਪੇਸ਼ ਕੀਤਾ ਗਿਆ ਆਨੰਦ ਵਿਆਹ ਬਿਲ; ਗੁਰਦੁਆਰਾ ਸੁਧਾਰ ਲਹਿਰ ਦਾ ਸਮਰਥਨ; ਰਾਜ ਭਾਗ ਦੀ ਰਸਮ ਅੰਗ੍ਰੇਜ਼ ਅਫਸਰ ਦੀ ਥਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪੰਜ ਪਿਆਰਿਆਂ ਤੋਂ ਕਰਾਉਣਾ ਆਦਿ। ਪਰ ਮੁੱਖ ਕਾਰਨ ਮਹਾਰਾਜੇ ਦਾ ਸਿੱਖੀ ਪਿਆਰ ਹੀ ਸੀ। ਅਕਾਲੀ ਲਹਿਰ ਦਾ ਸਮਰਥਨ ਕੇਵਲ ਤੇ ਕੇਵਲ ਨਾਭਾ ਰਿਆਸਤ ਨੇ ਹੀ ਕੀਤਾ ਸੀ, ਸ੍ਰੀ ਨਨਕਾਣਾ ਸਾਹਿਬ ਸ਼ਹੀਦੀ ਸਾਕੇ ਦਾ ਸੋਗ ਦਿਵਸ ਸਿਰਫ ਨਾਭਾ ਰਿਆਸਤ ਵਿੱਚ ਹੀ ਮਨਾਇਆ ਗਿਆ ਸੀ ਅਤੇ ਮਹਾਰਾਜਾ ਨਾਭਾ ਨੇ ਆਪ ਕਾਲੀ ਦਸਤਾਰ ਸਜਾਈ। ਗੁਰਸਿੱਖ ਰਾਜੇ ਨੂੰ ਗੱਦੀਉਂ ਲਾਹੇ ਜਾਣ ਨਾਲ ਸਿੱਖ ਸੰਗਤਾਂ ਦੇ ਜ਼ਜਬਾਤ ਨੂੰ ਭਾਰੀ ਠੇਸ ਲੱਗੀ ਅਤੇ ਇਸ ਵਿਰੁੱਧ ਆਵਾਜ ਉੱਠਣ ਲੱਗੀ।

ਗੁਰਦੁਆਰਾ ਗੰਗਸਰ ਜੈਤੋਂ ਦੇ ਮੋਰਚੇ ਦਾ ਮੁੱਢ : ਪੰਜ ਅਗਸਤ, ੧੯੨੩ ਨੂੰ ਅੰਮ੍ਰਿਤਸਰ ਹੋਈ ਸ਼੍ਰੋਮਣੀ ਕਮੇਟੀ ਦੀ ਇਕੱਤਰਤਾ ਵਿੱਚ ਮਹਾਰਾਜਾ ਨਾਭਾ ਨਾਲ ਹਮਦਰਦੀ ਦਾ ਮਤਾ ਪਾਸ ਕਰਕੇ ਫੈਸਲਾ ਹੋਇਆ ਕਿ ੯ ਸਤੰਬਰ ਨੂੰ ਸਭ ਥਾਂਈ 'ਨਾਭਾ ਦਿਵਸ' ਮਨਾਇਆ ਜਾਏ। ਸਮੂਹ ਸਿੱਖ ਸੰਗਤ ਨੂੰ ਅਪੀਲ ਕੀਤੀ ਗਈ ਕਿ ਉਸ ਦਿਨ ਜਲੂਸ ਕੱਢੇ

ਜਾਣ; ਮਹਾਰਾਜਾ ਨਾਭਾ ਨਾਲ ਹੋਈ ਬੇਇਨਸਾਫੀ ਵਿਰੁੱਧ ਮਤੇ ਪਾਸ ਕੀਤੇ ਜਾਣ ਅਤੇ ਰਾਜੇ ਦੀ ਬਹਾਲੀ ਲਈ ਅਰਦਾਸਾਂ ਕੀਤੀਆਂ ਜਾਣ। ਅਗਸਤ ੨੫, ੨੬, ੨੭ ਨੂੰ ਗੁਰਦੁਆਰਾ ਗੰਗਸਰ ਜੈਤੋਂ ਵਿੱਚ ਭਾਰੀ ਦੀਵਾਨ ਸਜੇ ਜਿਸ ਵਿੱਚ ਮਹਾਰਾਜਾ ਨਾਭਾ ਦੀ ਬਹਾਲੀ ਦਾ ਮਤਾ ਪਾਸ ਕੀਤਾ ਗਿਆ। ਸਤਾਈ ਅਗਸਤ ਨੂੰ ਭਰੇ ਦੀਵਾਨ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਗਿਆਨੀ ਇੰਦਰ ਸਿੰਘ ਨੂੰ ਅਤੇ ਕੁਝ ਹੋਰ ਸੇਵਾਦਾਰਾਂ ਨੂੰ ਰਿਆਸਤੀ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਇਸ ਘਟਨਾ ਤੋਂ ਬਾਅਦ ਸੰਗਤ ਨੇ ਫੈਸਲਾ ਕੀਤਾ ਕਿ ਇਹ ਦੀਵਾਨ ਜੋ ਕਿ ੨੭ ਅਗਸਤ ਨੂੰ ਸਮਾਪਤ ਹੋ ਜਾਣਾ ਸੀ ਜਾਰੀ ਰੱਖਿਆ ਜਾਵੇ ਜਦੋਂ ਤਕ ਕਿ ਸਰਕਾਰੀ ਦਖਲ-ਅੰਦਾਜੀ ਬੰਦ ਨਹੀਂ ਹੁੰਦੀ। ਨਾਭਾ ਦਿਵਸ ੯ ਸਤੰਬਰ ਨੂੰ ਸਾਰੇ ਪੰਜਾਬ ਵਿੱਚ ਪ੍ਰਦਰਸ਼ਨ ਕੀਤੇ ਗਏ ਅਤੇ ਦੀਵਾਨਾਂ ਵਿੱਚ ਮਹਾਰਾਜਾ ਨਾਭਾ ਦੀ ਬਹਾਲੀ ਲਈ ਅਰਦਾਸਾਂ ਕੀਤੀਆਂ ਗਈਆਂ। ਗੰਗਸਰ ਜੈਤੋਂ ਵਿੱਚ ਵੀ ਜਲੂਸ ਨਿਕਲਿਆ ਅਤੇ ਅਖੰਡ ਪਾਠ ਆਰੰਭ ਕੀਤੇ ਗਏ। ਇਸ ਸਮੇਂ ਨਾਭਾ ਰਿਆਸਤ ਦੇ ਪ੍ਰਬੰਧਕ ਅੰਗ੍ਰੇਜ ਅਫਸਰ ਵਿਲੀਅਮ ਜਾਨਸਟਨ ਨੇ ਰਿਆਸਤ ਵਿੱਚ ਮਹਾਰਾਜਾ ਰਿਪਦੁੱਮਨ ਸਿੰਘ ਦੇ ਹੱਕ ਵਿੱਚ ਕੋਈ ਵਿਚਾਰ, ਤਕਰੀਰ ਜਾਂ ਮਤਾ ਕਰਨ ਦੀ ਮਨਾਹੀ ਕੀਤੀ ਹੋਈ ਸੀ। ਨਾਭਾ ਦਿਵਸ ਵਾਲੇ ਦਿਨ ਜਲੂਸ ਵਿੱਚ ਸ਼ਾਮਲ ਹੋਣ ਵਾਲੇ ਸਾਰੇ ਅਕਾਲੀ ਗ੍ਰਿਫਤਾਰ ਕੀਤੇ ਗਏ, ਪਰ ਧਾਰਮਿਕ ਰਹੁ ਰੀਤੀ ਵਿੱਚ ਹਾਲੇ ਤਕ ਕੋਈ ਦਖਲ ਨਹੀਂ ਦਿੱਤਾ ਗਿਆ ਸੀ। ੧੪ ਸਤੰਬਰ ਨੂੰ ਜਦੋਂ ਗੁਰਦੁਆਰਾ ਗੰਗਸਰ ਵਿੱਚ ਅਖੰਡ ਪਾਠ ਹੋ ਰਿਹਾ ਸੀ ਇੱਕ ਹਥਿਆਰ ਬੰਦ ਸਿਪਾਹੀਆਂ ਦਾ ਦਸਤਾ ਗੁਰਦੁਆਰੇ ਵਿੱਚ ਦਾਖਲ ਹੋਇਆ। ਪੁਲਸੀਆਂ ਨੇ ਅਖੰਡ ਪਾਠ ਦੀ ਰੌਲ ਤੇ ਬੈਠੇ ਪਾਠੀ ਸਿੰਘ ਨੂੰ ਘੜੀਸ ਕੇ ਪਾਸੇ ਕਰ ਦਿਤਾ ਤੇ ਸਾਰੀ ਸੰਗਤ ਨੂੰ ਗ੍ਰਿਫਤਾਰ ਕਰ ਲਿਆ ਇਸ ਕਾਰਵਾਈ ਨਾਲ ਸ੍ਰੀ ਅਖੰਡ ਪਾਠ ਸਾਹਿਬ ਖੰਡਤ ਹੋ ਗਿਆ। ਇਸ ਘਟਨਾ ਦੀ ਖਬਰ ਅੱਗ ਵਾਂਗ ਸਾਰੇ ਪਾਸੇ ਫੈਲ ਗਈ ਜਿਸ ਨਾਲ ਸਿੱਖ ਸੰਗਤਾਂ ਵਿੱਚ ਰੋਹ ਤੇ ਰੋਸ ਪੈਦਾ ਹੋ ਗਿਆ। ਇਸ ਦੁਰਘਟਨਾ ਨੇ ਮਹਾਰਾਜਾ ਨਾਭੇ ਦੇ ਰਾਜਨੀਤਕ ਮਾਮਲੇ ਨੂੰ ਧਾਰਮਿਕ ਸਵਾਲ ਬਣਾ ਦਿੱਤਾ। ਇਸ ਪ੍ਰਕਾਰ ਅੰਗਰੇਜੀ ਸਰਕਾਰ ਨੇ ਸਿੱਖਾਂ ਨੂੰ ਧਾਰਮਿਕ ਮੋਰਚਾ ਲਾਉਣ ਲਈ ਮਜਬੂਰ ਕਰ ਦਿੱਤਾ।

**ਮੋਰਚਾ ਆਰੰਭ ਹੋਇਆ :** ਸ਼੍ਰੋਮਣੀ ਕਮੇਟੀ ਨੇ ਫੈਸਲਾ ਕੀਤਾ ਕਿ ਖੰਡਤ ਅਖੰਡ ਪਾਠ ਨੂੰ ਅਖੰਡ ਰੂਪ ਵਿੱਚ ਕੀਤਾ ਜਾਵੇਗਾ ਇਸ ਲਈ ੧੦੧ ਅਖੰਡ ਪਾਠਾਂ ਦੀ ਲੜੀ ਸ਼ੁਰੂ ਕੀਤੀ ਜਾਵੇਗੀ। ਰੋਜਾਨਾ ੨੫ ਸਿੰਘਾਂ ਦਾ ਜੱਥਾ ਗੰਗਸਰ ਭੇਜਣਾ ਸ਼ੁਰੂ ਕੀਤਾ ਗਿਆ। ਪਹਿਲਾ ਜੱਥਾ ੧੫ ਸਤੰਬਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਰਵਾਨਾ ਹੋਇਆ। ਜੱਥੇ ਦੇ ਸਿੰਘਾਂ ਨੇ ਇਹ ਪ੍ਰਣ ਕੀਤਾ ਕਿ ਪੂਰੀ ਸਾਂਤਮਈ ਰੱਖਦੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਮਰਿਯਾਦਾ ਪੂਰਬਕ ਸੰਪੂਰਨ ਕਰਨਾ ਹੈ ਜੇਕਰ ਸਰਕਾਰ ਵਲੋਂ ਤਸੱਦਦ ਕੀਤਾ ਜਾਂਦਾ ਹੈ ਤਾਂ ਅਗੋਂ ਹੱਥ ਨਹੀਂ ਉਠਾਉਣਾ ਤੇ ਜਬਰ ਦਾ ਮੁਕਾਬਲਾ ਸਬਰ ਨਾਲ ਕਰਨਾ ਹੈ। ਪਰ ਇਨ੍ਹਾਂ ਜੱਥਿਆਂ ਨੂੰ ਜੈਤੋਂ ਪਹੁੰਚਣ ਸਾਰ ਹੀ ਗ੍ਰਿਫਤਾਰ ਕਰ ਲਿਆ ਜਾਂਦਾ ਸੀ, ਭੁੱਖੇ ਤਿਹਾਇਆਂ ਦੀ ਮਾਰ ਕੁਟਾਈ

ਕੀਤੀ ਜਾਂਦੀ ਸੀ ਤੇ ਦੋ ਤਿੰਨ ਦਿਨ ਖੁਲੀਆਂ ਵਲੱਗਣਾ ਵਿੱਚ ਬੰਦ ਰਖਿਆ ਜਾਂਦਾ ਸੀ। ਫਿਰ ਗੱਡੀ ਤੇ ਬਿਠਾ ਕੇ ਨਾਭਾ ਬੀੜ ਵਿੱਚ ਲੈ ਜਾਇਆ ਜਾਂਦਾ ਜਾਂ ਰਿਵਾੜੀ ਤੋਂ ਅਗੇ ਬਾਵਲ ਲੈ ਜਾ ਕੇ ਬਿਨ੍ਹਾਂ ਖੁਰਾਕ, ਖਰਚ ਦੇ ਛੱਡ ਦਿੱਤਾ ਜਾਂਦਾ ਸੀ। ਪਰ ਕਲਗੀਧਰ ਪਾਤਸ਼ਾਹ ਦੇ ਸਿਰੜੀ ਸਿੰਘ ਤਸੀਹੇ ਝੱਲਦੇ ਹੋਏ ੩੦੦ ਮੀਲ ਦਾ ਸਫਰ ਪੈਦਲ ਤੁਰ ਕੇ ਸ੍ਰੀ ਅੰਮ੍ਰਿਤਸਰ ਪਹੁੰਚ ਦੁਬਾਰਾ ਫਿਰ ਜੱਥਿਆਂ ਵਿੱਚ ਸ਼ਾਮਲ ਹੋਣ ਦੀ ਜਾਚਨਾ ਕਰਦੇ ਸਨ। ਇਸ ਤਰ੍ਹਾਂ ਇਹ ਮੋਰਚਾ ਕਈ ਮਹੀਨੇ ਚਲਦਾ ਰਿਹਾ ਜਿਸ ਵਿੱਚ ੫੦੦੦ ਸਿੰਘਾਂ ਨੇ ਗ੍ਰਿਫਤਾਰੀਆਂ ਦਿਤੀਆਂ। ਪਰ ਜਦੋਂ ਇਸ ਮਸਲੇ ਦਾ ਕੋਈ ਸਿੱਟਾ ਨਾ ਨਿਕਲਿਆ ਤਾਂ ਸ਼੍ਰੋਮਣੀ ਕਮੇਟੀ ਨੇ ਪੰਜ-ਪੰਜ ਸੌ ਸਿੰਘਾਂ ਦੇ ਸ਼ਹੀਦੀ ਜੱਥੇ ਭੇਜਣ ਦਾ ਐਲਾਨ ਕਰ ਦਿੱਤਾ।

ਪਹਿਲਾ ਸ਼ਹੀਦੀ ਜੱਥਾ : ਇਹ ਜੱਥਾ ੯ ਫਰਬਰੀ ੧੯੨੪ ਬਸੰਤ ਪੰਚਮੀ ਦੇ ਦਿਨ ਸ੍ਰੀ ਅਕਾਲ ਤਖਤ ਸਾਹਿਬ ਤੋਂ ਰਵਾਨਾ ਹੋਇਆ। ਇਸ ਦੇ ਜੱਥੇਦਾਰ ਸ.ਊਧਮ ਸਿੰਘ ਨਾਗੋਕੇ ਨੀਯਤ ਹੋਏ ਸਨ ਪਰ ਉਨ੍ਹਾਂ ਨੂੰ ਰਵਾਨਗੀ ਤੋਂ ਇੱਕ ਦਿਨ ਪਹਿਲਾਂ ਹੀ ਗ੍ਰਿਫਤਾਰ ਕਰ ਲਿਆ ਗਿਆ। ਜੱਥੇਦਾਰ ਨਾਗੋਕੇ ਦੇ ਥਾਂ ਸ. ਊਧਮ ਸਿੰਘ ਵਰਪਾਲ ਜ਼ਿਲ੍ਹਾ ਅੰਮ੍ਰਿਤਸਰ ਨੇ ਜੱਥੇਦਾਰੀ ਸੰਭਾਲੀ। ਰਵਾਨਗੀ ਸਮੇਂ ਸਾਰੇ ਸਿੰਘਾਂ ਨੂੰ ਸੰਬੋਧਨ ਕੀਤਾ ਗਿਆ ਕਿ ਵੀਰੋ ਤੁਹਾਨੂੰ ਬੜੀ ਬੇਰਹਿਮੀ ਨਾਲ ਕੁੱਟਮਾਰ, ਗੋਲੀਆਂ ਦਾ ਨਿਸ਼ਾਨਾ, ਕਾਲ ਕਠੋੜੀਆਂ ਦੀ ਸਜ਼ਾ ਦਿੱਤੀ ਜਾ ਸਕਦੀ ਹੈ, ਪਰ ਤੁਸੀਂ ਸ਼ਾਂਤਮਈ ਰਹਿੰਦੇ ਹੋਏ ਜ਼ਬਰ ਦਾ ਮੁਕਾਬਲਾ ਸਬਰ ਨਾਲ ਕਰਨਾ ਹੈ। ਜੱਥੇ ਦੇ ਸਿੰਘਾਂ ਨੇ ਇਹ ਕਬੂਲ ਕਰਦੇ ਹੋਏ ਮੱਥਾ ਟੇਕਿਆ ਤੇ ਇੰਵ ਫਤਿਹ ਬੁਲਾਈ :

ਸੁਣੋ ਖਾਲਸਾ ਜੀ ਸਾਡੇ ਕੂਚ ਡੇਰੇ ਅਸੀਂ ਆਖਰੀ ਫਤਿਹ ਬੁਲਾ ਚੱਲੇ।

ਫੁੱਲਾਂ ਦੇ ਹਾਰਾਂ ਨਾਲ ਲੱਦਿਆ, ਸੰਗਤਾਂ ਦੀਆਂ ਅਸੀਸਾਂ ਮਾਣਦਾ ਸ਼ਹੀਦੀ ਜੱਥਾ ਇਹ ਸ਼ਬਦ ਪੜ੍ਹਦਾ ਹੋਇਆ ਪੈਦਲ ਹੀ ਜੈਤੋਂ ਵੱਲ ਟੁਰਿਆ :

ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ ॥
ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ ॥੬੧॥ (ਅੰਗ-੧੩੬੭)

ਸਿੰਘਾਂ ਨੇ ਸੁਰਮਈ ਦਸਤਾਰਾਂ, ਪੀਲਾ ਚੋਲਾ, ਖੱਬੇ ਪਾਸੇ ਕ੍ਰਿਪਾਨ, ਸੱਜ ਪਾਸੇ ਝੋਲਾ ਜਿਸ ਵਿੱਚ ਬਦਾਮ ਭਾਵ ਭੁੱਜੇ ਹੋਏ ਛੋਲੇ ਸਨ, ਸਜਾਇਆ ਹੋਇਆ ਸੀ। ਸਭ ਤੋਂ ਮੂਹਰੇ ਊਠ ਉੱਪਰ ਲੱਦਿਆ ਹੋਇਆ ਧੌਂਸਾ (ਨਗਾਰਾ), ਉਸ ਤੋਂ ਪਿੱਛੇ ਬੈਂਡ, ਫਿਰ ਨਿਸ਼ਾਨ ਸਾਹਿਬ ਵਾਲੇ ਪੰਜ ਸਿੰਘ, ਪੰਜ ਪਿਆਰੇ ਨੰਗੀਆਂ ਸ੍ਰੀ ਸਾਹਿਬਾਂ ਸਮੇਤ ਅਤੇ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਸਿੰਘਾਂ ਦੇ ਮੋਢਿਆਂ ਤੇ ਸੁਆਰ ਸੀ। ਪਾਲਕੀ ਦੇ ਪਿੱਛੇ ੫੦੦ ਸਿੰਘਾਂ ਦਾ ਸ਼ਹੀਦੀ ਜੱਥਾ, ਜੱਥੇ ਦੇ ਸੱਜੇ, ਖੱਬੇ ਅਤੇ ਪਿਛਲੇ ਪਾਸੇ ਹਜਾਰਾਂ ਦੀ ਗਿਣਤੀ ਵਿੱਚ ਸੰਗਤ ਜਿਸ ਵਿੱਚ ਬ੍ਰਿਧ, ਨੌਜਵਾਨ, ਬੀਬੀਆਂ, ਹਿੰਦੂ ਤੇ ਮੁਸਲਮਾਨ ਸ਼ਾਮਲ ਸਨ। ਭਾਈ ਲਾਲ ਸਿੰਘ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਸਨ। ਇਹ ਜੱਥਾ ਰਸਤੇ ਵਿੱਚ ਗਿਆਰਾਂ ਪੜਾਓ ਕਰਦਾ ਹੋਇਆ ੨੦ ਫਰਵਰੀ ਨੂੰ ਬਰਗਾੜੀ ਫਰੀਦਕੋਟ ਰਿਆਸਤ ਪਹੁੰਚਿਆ।

ਹਰੇਕ ਪੜਾਅ ਤੇ ਦੀਵਾਨ ਸਜਦੇ ਸਨ ਸੰਧਿਆ ਸਮੇਂ ਰਹਿਰਾਸ ਦਾ ਪਾਠ ਤੇ ਕਥਾ ਕੀਰਤਨ, ਸਵੇਰੇ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਸੀ। ਪੜਾਅ ਵਾਲੇ ਪਿੰਡ ਦੇ ਆਸੇ ਪਾਸੇ ਦੀ ਸੰਗਤ ਦੀਵਾਨ ਦੀ ਹਾਜਰੀ ਭਰਦੀ ਸੀ ਅਤੇ ਜੱਥੇ ਦੀ ਲੰਗਰ ਪਾਣੀ ਦੀ ਹਰ ਪ੍ਰਕਾਰ ਦੁੱਧ, ਮਠਿਆਈਆਂ ਨਾਲ ਸੇਵਾ ਕਰਦੀ ਸੀ। ਸੰਗਤ ਦੀ ਗਿਣਤੀ ੨੦-੨੫ ਹਜ਼ਾਰ ਤੱਕ ਵੀ ਪਹੁੰਚ ਜਾਂਦੀ ਸੀ। ਇਥੇ ਨਾਭਾ ਰਿਆਸਤ ਦੇ ਉੱਚ ਅਧਿਕਾਰੀ ਪੁੱਜੇ ਤੇ ਕਿਹਾ ਕਿ ਜੱਥੇ ਦੇ ੫੦ ਸਿੰਘ ਗੰਗਸਰ ਜਾਂ ਕੇ ਅਖੰਡ ਪਾਠ ਕਰ ਸਕਦੇ ਹਨ ਪਰ ਉਨ੍ਹਾਂ ਨੂੰ ਫਿਰ ਵਾਪਸ ਆਉਣਾ ਹੋਵੇਗਾ। ਜਥੇਦਾਰ ਊਧਮ ਸਿੰਘ ਨੇ ਸ਼ਰਤਾਂ ਅਧੀਨ ਅਖੰਡ ਪਾਠ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ। ਇੱਕੀ ਫਰਵਰੀ ਸਵੇਰੇ ਲੰਗਰ ਛਕ ਕੇ ਜੱਥਾ ਜੈਤੋਂ ਵਲ ਰਵਾਨਾ ਹੋਇਆ। ਮੀਤ ਜੱਥੇਦਾਰ ਸ.ਜਗਤ ਸਿੰਘ ਤੁੜ ਸਭ ਤੋਂ ਅੱਗੇ, ਵਿਚਕਾਰ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਨਾਲ ਹੈਡ ਜੱਥੇਦਾਰ ਊਧਮ ਸਿੰਘ ਤੇ ਸਭ ਤੋਂ ਪਿੱਛੇ ਜੱਥੇਦਾਰ ਕੇਸਰ ਸਿੰਘ ਖਤ੍ਰਾ ਕਲਾਂ (ਅੰਮ੍ਰਿਤਸਰ) ਸਨ।

ਸਾਰੇ ਰਸਤੇ ਤੇ ਘੋੜ ਸੁਆਰ ਪੁਲਿਸ ਦਾ ਪਹਿਰਾ ਸੀ। ਨਾਭਾ ਤੇ ਫਰੀਦਕੋਟ ਹੱਦ ਤੇ ਰਸਾਲਾ, ਪੇਡੂਆਂ ਦਾ ਇੱਕ ਜੱਥਾ ਅਤੇ ਮੁਸਲਮਾਨ (ਛਾਛੀ) ਪੁਲਿਸ ਡਾਂਗਾਂ ਲੈ ਕੇ ਖਲੋਤੇ ਸਨ। ਇਥੇ ਵੀ ਜੱਥੇ ਨੂੰ ਰੋਕ ਕੇ ਅਫਸਰਾਂ ਨੇ ਪਹਿਲਾਂ ਵਾਲਾ ਹੁਕਮ ਕਿ ੫੦ ਸਿੰਘ ਜਾ ਸਕਦੇ ਹਨ ਸੁਣਾਇਆ, ਜੱਥੇਦਾਰ ਸਾਹਿਬ ਨੇ ਇਨਕਾਰ ਕਰਦਿਆਂ ਕਿਹਾ ਕਿ ਸਰਕਾਰ ਦਾ ਧਾਰਮਿਕ ਕਾਰਜ ਵਿੱਚ ਦਖਲ ਮਨਜ਼ੂਰ ਨਹੀਂ ਹੈ। ਪੁਲਿਸ ਨੇ ਗੁਰਦੁਆਰਾ ਗੰਗਸਰ ਜੈਤੋਂ ਨੂੰ ਜਾਂਦਾ ਰਸਤਾ ਬੜੀ ਚਲਾਕੀ ਨਾਲ ਤੰਗ ਕੀਤਾ ਹੋਇਆ ਸੀ। ਰਸਤੇ ਦੇ ਇੱਕ ਪਾਸੇ ਕੰਡਿਆਂ ਵਾਲੀ ਤਾਰ, ਦੂਜੇ ਪਾਸੇ ਲਗ ਪਗ ੧੦੦ ਗੱਡਿਆਂ ਦੀ ਲੰਬੀ ਕਤਾਰ ਜੰਜੀਰਾਂ ਨਾਲ ਬੰਨੀ ਹੋਈ ਸੀ। ਗੱਡਿਆਂ ਉਪਰ ਕੰਡੇਦਾਰ ਛਾਪੇ (ਕਿਕਰਾਂ ਬੇਰੀਆਂ ਦੀਆਂ ਕੰਡੇ ਵਾਲੀਆਂ ਟਾਹਣੀਆਂ) ਤੇ ਕੰਡਿਆਲੀ ਤਾਰ ਭਰੀ ਹੋਈ ਸੀ। ਗੁਰਦੁਆਰਾ ਗੰਗਸਰ ਦੇ ਨੇੜੇ ਕੁਝ ਇਮਾਰਤਾਂ ਦੇ ਉਹਲੇ ਕੰਡੇਦਾਰ ਤਾਰ ਨਾਲ ਵਲੀ ਹੋਈ ਵਲੱਗਣ ਜੱਥੇ ਨੂੰ ਘੇਰਨ ਲਈ ਬਣਾਈ ਗਈ ਸੀ। ਪੁਲਿਸ ਜੱਥੇ ਨੂੰ ਇਸ ਰਸਤੇ ਤੇ ਪਾ ਕੇ ਬਾਕੀ ਸੰਗਤ ਨਾਲੋਂ ਨਿਖੇੜ ਕੇ ਸੌਖਾ ਹੀ ਗ੍ਰਿਫਤਾਰ ਕਰ ਸਕਦੀ ਸੀ। ਪਰ ਸ਼੍ਰੋਮਣੀ ਕਮੇਟੀ ਦੇ ਸੂਹੀਆਂ ਦੁਆਰਾ ਇਸ ਚਾਲ ਦਾ ਪਤਾ ਲੱਗਣ ਤੇ ਜੱਥੇ ਨੇ ਰਸਤਾ ਬਦਲ ਲਿਆ, ਖੇਤਾਂ ਵਿਚੋਂ ਦੀ ਲੰਘ ਕੇ ਸਿੱਧਾ ਗੰਗਸਰ ਵੱਲ ਨੂੰ ਚਲ ਪਿਆ।

ਗੱਡਿਆਂ ਦੀ ਕਤਾਰ ਦੇ ਅੱਗੇ ਪਿੱਛੇ ਪੇਂਡੂ ਲੋਕ ਜੋ ਕਿ ਜਬਰਦਸਤੀ ਇਕੱਠੇ ਕੀਤੇ ਸਨ ਡਾਂਗਾਂ ਫੜੀ ਖੜੇ ਸਨ। ਰਿਆਸਤੀ ਸਰਕਾਰ ਨੇ ਹੁਕਮ ਕਰਕੇ ਹਰੇਕ ਘਰ ਵਿਚੋਂ ਇੱਕ-ਇੱਕ ਆਦਮੀ ਲਿਆ ਹੋਇਆ ਸੀ। ਹੁਕਮ ਅਦੂਲੀ ਕਰਨ ਵਾਲੇ ਨੂੰ ਜਲਾਵਤਨ ਕਰਕੇ ਉਸ ਦੀ ਜਾਇਦਾਦ ਕੁਰਕ ਕੀਤੀ ਜਾਂਦੀ ਸੀ। ਸਰਕਾਰੀ ਕਰਮਚਾਰੀਆਂ ਵਿੱਚ ਜੇਹਲਮ ਤੇ ਅਟਕ ਦੇ ਪੁਲਿਸ ਦੇ ਛਾਛੀ ਮੁਸਲਮਾਨ ਸ਼ਾਮਲ ਸਨ ਜੋ ਕਿ ਗੁਰੂ ਦੇ ਬਾਗ ਮੋਰਚੇ ਵਿੱਚ ਸਿੰਘਾਂ ਦੀ ਮਾਰ ਕਟਾਈ ਕਰਨ ਵਿੱਚ ਵੀ ਮੂਹਰੇ ਸਨ। ਗੁਰਦੁਆਰਾ ਗੰਗਸਰ ਦੇ ਅੰਦਰ ਅਤੇ ਬਾਹਰ

ਰਿਆਸਤ ਨਾਭਾ, ਜੀਂਦ ਅਤੇ ਫਰੀਦਕੋਟ ਦੀ ਫੌਜ ਦਾ ਪਹਿਰਾ ਸੀ। ਗੁਰਦੁਆਰਾ ਟਿੱਬੀ ਸਾਹਿਬ ਦੇ ਨੇੜੇ ਇੱਕ ਖਾਈ ਪੁੱਟ ਕੇ ਜੰਗੀ ਸਮਾਨ ਰੱਖਿਆ ਹੋਇਆ ਸੀ। ਟਿੱਬੀ ਸਾਹਿਬ ਤੋਂ ਪਰ੍ਹੇ ਕੈਂਪ ਵਿਚਕਾਰ ਕਰਨਲ ਮਿਨਚਨ ਪੰਜਾਬ ਦੀਆਂ ਰਿਆਸਤਾਂ ਦੇ ਅੰਗ੍ਰੇਜ਼ੀ ਏਜੰਟ ਦਾ ਤੰਬੂ ਸੀ। ਥਾਉਂ ਥਾਂਈ ਕਲਦਾਰ ਤੋਪਾਂ ਗੱਡੀਆਂ ਹੋਈਆਂ ਸਨ, ਕਿਲ੍ਹੇ ਦੇ ਦਰਵਾਜੇ ਤੇ ਸਭ ਤੋਂ ਵੱਡੀ ਤੋਪ ਬੀੜੀ ਹੋਈ ਸੀ।

ਮਿਸਟਰ ਵਿਲਸਨ ਜੌਨਸਟਨ (ਨਾਭੇ ਦਾ ਵੱਡਾ ਹਾਕਮ) ਘੋੜੇ ਤੇ ਸੁਆਰ ਹੋ ਕੇ ਹੋਰ ਅਫਸਰਾਂ ਸਮੇਤ ਜੱਥੇ ਦੇ ਅੱਗੇ ਆਇਆ ਤੇ ਜੱਥੇ ਨੂੰ ਖਿੰਡ ਜਾਣ ਲਈ ਕਿਹਾ ਅਤੇ ਧਮਕੀ ਦਿੱਤੀ ਕਿ ਨਹੀਂ ਤਾਂ ਉਹ ਗੋਲੀ ਚਲਾਉਣ ਦਾ ਹੁਕਮ ਦੇਵੇਗਾ। ਜੱਥੇਦਾਰ ਸਾਹਿਬ ਨੇ ਰੁਕਣ ਤੋਂ ਨਾਂਹ ਕਰਦੇ ਹੋਏ ਅਗੇ ਵਧਣਾ ਜਾਰੀ ਰੱਖਿਆ ਅਤੇ ਜੱਥਾ ਟਿੱਬੀ ਸਾਹਿਬ ਵਲ ਚੱਲਿਆ। ਬੇਸ਼ੁਮਾਰ ਸੰਗਤਾਂ ਜੱਥੇ ਦੇ ਨਾਲ ਇਹ ਸ਼ਬਦ ਪੜ੍ਹਦੀਆਂ ਚੱਲ ਰਹੀਆਂ ਸਨ।

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥<br>
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥੧॥ (ਅੰਗ-੧੧੦੫)

ਧਾਰਨਾ ਲਾ ਕੇ ਪੜ੍ਹਦੇ ਸਨ। ਮੇਰੇ ਸਿਰ ਜਾਵੇ ਤਾਂ ਜਾਵੇ ਪਰ ਮੇਰਾ ਸਿੱਖ ਸਿਦਕ ਨਾ ਜਾਵੇ।

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥<br>
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥ (ਅੰਗ-੧੧੦੫)

ਮਿਸਟਰ ਵਿਲਸਨ ਨੇ ਰੁਮਾਲ ਹਿਲਾ ਕੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਚਾਰੇ ਪਾਸਿਉਂ ਸੰਗਤ ਤੇ ਗੋਲੀਆਂ ਦਾ ਮੀਂਹ ਵਰਸਣ ਲੱਗਾ। ਗੋਲੀਆਂ ਦੀ ਪਹਿਲੀ ਬੁਛਾੜ ੨ ਵੱਜ ਕੇ ੪੪ ਮਿੰਟ ਤੋਂ ਸ਼ੁਰੂ ਹੋ ਕੇ ੨ ਵਜ ਕੇ ੪੭ ਮਿੰਟ ਤਕ ਜਾਰੀ ਰਹੀ। ਸਿੰਘਾਂ ਨੇ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਨਾਲ ਅਸਮਾਨ ਗੁੰਜਾ ਦਿੱਤਾ। ਗੁਰੂ ਕੇ ਲਾਲ ਆਖ ਰਹੇ ਸਨ ਕਿ ਖਾਲਸਾ ਜੀ ਅੱਜ ਸ਼ਹੀਦੀ ਪੁਰਬ ਲਗਾ ਹੈ, ਮੌਤ ਲਾੜੀ ਨੂੰ ਵਰ੍ਹਉ, ਇਸ ਨਾਸ਼ਵੰਤ ਸਰੀਰ ਨੂੰ ਗੁਰੂ ਦੇ ਲੇਖੇ ਲਾ ਦਿਓ ਤੇ ਵਧਦੇ ਚਲੋ। ਗੱਲੀ ਵੱਜਦੀ ਹੈ ਤਾਂ ਹਾਏ ਕਹਿਣ ਦੀ ਥਾਂ ਉਚਾਰਨ ਕਰੋ :

ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥ (ਅੰਗ ੩੯੪)

ਸਿੰਘ, ਸ਼ਹੀਦ ਹੋ ਕੇ ਜਾਂ ਫੱਟੜ ਹਾਲਤ ਵਿੱਚ ਧੜਾ ਧੜ ਡਿੱਗ ਰਹੇ ਸਨ। ਸੰਗਤ ਵੀ ਗੋਲੀਆਂ ਖਾਂਦੇ ਹੋਏ ਨਾਲ ਨਾਲ ਅੱਗੇ ਵਧ ਰਹੀ ਸੀ। ਸਿੱਖੀ ਸਿਦਕ ਦਾ ਕਮਾਲ ਵੇਖੋ ਇੱਕ ਬੀਬੀ ਦੀ ਗੋਦ ਚੁੱਕੇ ਬੱਚੇ ਦੇ ਗੋਲੀ ਲਗੀ। ਸਿਦਕਵਾਨ, ਗੁਰੂ ਦੀ ਸਪੁੱਤਰੀ ਨੇ ਬੱਚਾ ਧਰਤੀ ਤੇ ਲਿਟਾ ਦਿੱਤਾ ਅਤੇ ਦੌੜ ਕੇ ਫੇਰ ਸੰਗਤ ਦੇ ਨਾਲ ਰਲ ਗਈ। ਸੰਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਦੁਆਰੇ ਘੇਰਾ ਘੱਤ ਕੇ ਗੋਲੀਆਂ ਲੱਗਣ ਤੋਂ ਬਚਾਅ ਕੀਤਾ।

ਇਹ ਗੋਲੀਆਂ ਦੀ ਵਰਖਾ ਪਤਾ ਨਹੀਂ ਕਿਨ੍ਹਾਂ ਸਮਾਂ ਜਾਰੀ ਰਹਿੰਦੀ ਜੇਕਰ ਇੱਕ ਅਸਚਰਜ ਘਟਨਾ ਨਾ ਵਾਪਰਦੀ। ਹੋਇਆ ਇਹ ਕਿ ਇੱਕ ਘੋੜ ਸੁਆਰ ਸਿੰਘ ਅਚਾਨਕ ਆ ਪਹੁੰਚਿਆਂ ਜਿਸ ਦਾ ਲੰਮਾ ਕੱਦ, ਸੰਤਾਂ ਵਾਲਾ ਵੇਸ ਤੇ ਗਾਤਰੇ ਵੱਡੀ ਸ੍ਰੀ ਸਾਹਿਬ ਸਜਾਈ ਹੋਈ

ਸੀ। ਉਹ ਸਿੰਘ ਜੱਥੇ ਕੋਲ ਆ ਕੇ ਉੱਚੀ ਆਵਾਜ ਵਿੱਚ ਕਹਿ ਰਿਹਾ ਸੀ ਕਿ ਵੱਧਦੇ ਚਲੋ ਵੱਧਦੇ ਚਲੋ। ਆਪ ਉਹ ਸਰਪਟ ਘੋੜਾ ਦੁੜਾਉਂਦਾ ਹੋਇਆ ਟਿੱਬੀ ਸਾਹਿਬ ਦੀ ਪ੍ਰਕਰਮਾ ਕਰਦਾ ਹੋਇਆ ਫਰਾਰ ਹੋ ਗਿਆ। ਕਿਸੇ ਵੀ ਪੁਲਿਸ ਵਾਲੇ ਨੂੰ ਉਸ ਦਾ ਪਿੱਛਾ ਕਰਨ ਦਾ ਹੌਸਲਾ ਨਾ ਪਿਆ। ਇਹ ਕੌਤਕ ਵੇਖ ਕੇ ਸਾਰੇ ਹੈਰਾਨ ਹੋ ਗਏ ਗੋਲੀ ਚਲਾਉਣ ਵਾਲੇ ਵੀ ਘਬਰਾ ਗਏ ਤੇ ਗੋਲੀ ਬੰਦ ਹੋ ਗਈ। ਇਹ ਸਿੰਘ ਸੀ ਸੰਤ ਚਤਰ ਸਿੰਘ ਪਿੰਡ ਰੋਡਿਆਂ ਵਾਲੇ ਤੇ ਘੋੜੀ ਜੱਥੇਦਾਰ ਸੁੱਚਾ ਸਿੰਘ ਰੋਡਿਆਂ ਵਾਲੇ ਦੀ ਸੀ।

ਸੰਗਤ ਟਿੱਬੀ ਸਾਹਿਬ ਦੇ ਅੰਦਰ ਦਾਖਲ ਹੋ ਗਈ। ਸ਼ਹੀਦ ਹੋਏ ਸਿੰਘਾਂ ਤੇ ਫੱਟੜਾਂ ਨੂੰ ਚੁੱਕਣ ਲਈ ਸੰਗਤ ਲਾਗਲੇ ਖੇਤਾਂ ਵਲ ਗਈ। ਥੋੜੇ ਸ਼ਹੀਦ ਤੇ ਫੱਟੜ ਸਿੰਘ ਹੀ ਲਿਆਂਦੇ ਗਏ ਸਨ ਕਿ ਫੌਜ ਨੇ ਸੰਗਤ ਨੂੰ ਘੇਰ ਲਿਆ ਤੇ ਫੱਟੜ ਤੇ ਸਹੀਦ ਸਿੰਘਾਂ ਦੀਆਂ ਲਾਸ਼ਾਂ ਵੀ ਖੋਹ ਲਈਆਂ। ਬਹੁਤ ਸਾਰੇ ਫੱਟੜ ਪਾਣੀ ਨਾ ਮਿਲਣ ਕਰ ਕੇ ਤੜਪ ਤੜਪ ਕੇ ਸ਼ਹੀਦ ਹੋ ਗਏ। ਟਿੱਬੀ ਸਾਹਿਬ ਲਾਗੇ ਇੱਕ ਖੂਹੀ ਸੀ ਜਿਥੋਂ ਸਿੰਘ ਪਾਣੀ ਲੈਣ ਲਗੇ ਪਰ ਫੌਜੀਆਂ ਨੇ ਲੱਜ ਕੱਟ ਸੁੱਟੀ। ਸ਼ਹੀਦੀ ਜੱਥਾ ਟਿੱਬੀ ਸਾਹਿਬ ਦੇ ਗਿਰਦ ਚੱਕਰ ਲਗਾ ਕੇ ਗੁਰਦੁਆਰਾ ਗੰਗਸਰ ਵਲ ਵਧਿਆ।

ਘੋੜ ਸੁਆਰ ਪੁਲਿਸ ਨੇ ਹਮਲਾ ਕਰਕੇ ਸੰਗਤ ਨੂੰ ਚਾਰੇ ਪਾਸੇ ਖਿੰਡਾ ਦਿੱਤਾ। ਕਈ ਵਿਚਾਰੇ ਘੋੜਿਆਂ ਦੀਆਂ ਸੁੰਮਾ ਹੇਠ ਕੁਚਲੇ ਗਏ। ਫਿਰ ਰਸਾਲੇ ਨੇ ਸ਼ਹੀਦੀ ਜੱਥੇ ਨੂੰ ਆ ਘੇਰਿਆ ਸਿੰਘਾਂ ਨੇ ਚਾਰ-ਚਾਰ ਦੀ ਕਤਾਰ ਬਣਾ ਕੇ ਆਪਸ ਵਿੱਚ ਕਰੰਗੜੀਆਂ ਪਾ ਲਈਆਂ ਇਸ ਤਰ੍ਹਾਂ ਸਾਰੀਆਂ ਕਤਾਰਾਂ ਜੁੜ ਗਈਆ। ਪੁਲਿਸ ਜਦੋਂ ਇਕ ਸਿੰਘ ਨੂੰ ਫੜ ਕੇ ਘਸੀਟਣ ਦਾ ਜਤਨ ਕਰਦੀ ਤਾਂ ਸਾਰਾ ਜੱਥਾ ਹੀ ਹਿਲ ਜਾਂਦਾ ਸੀ। ਫਿਰ ਇੱਕ ਇੱਕ ਸਿੰਘ ਦੇ ਦੁਆਲੇ ਪੰਜ ਪੰਜ, ਛੇ ਛੇ ਸਿਪਾਹੀ ਹੋ ਗਏ ਤੇ ਡਾਗਾਂ ਵਰ੍ਹਾਉਣੀਆਂ ਸ਼ੁਰੂ ਕਰ ਦਿਤੀਆਂ। ਇਸ ਤਰ੍ਹਾਂ ਮਾਰ ਕੁਟਾਈ ਕਰਕੇ, ਬੇਹੋਸ਼ ਹੋਏ ਸਿੰਘਾਂ ਨੂੰ ਰੱਸਿਆਂ ਨਾਲ ਜਕੜ ਗੱਡਿਆਂ ਤੇ ਲੱਦ ਕੇ ਤਾਰਾਂ ਦੀਆਂ ਵਲੱਗਣਾਂ ਵਿੱਚ ਲੈ ਗਏ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਨਾਲ ਜੱਥੇਦਾਰ ਊਧਮ ਸਿੰਘ, ਗ੍ਰੰਥੀ ਭਾਈ ਲਾਭ ਸਿੰਘ ਤੇ ਕੁਝ ਕੁ ਸਿੰਘ ਬਾਕੀ ਰਹਿ ਗਏ ਸਨ। ਰਾਤ ਪੈ ਗਈ ਸੀ ਸੁਆਰੀ ਕੋਲ ਇੱਕ ਗੈਸ ਲਿਆ ਕੇ ਰੋਸ਼ਨੀ ਕਰ ਦਿੱਤੀ ਗਈ। ਮਿ.ਉਗਲਵੀ, ਗੁਰਦਿਆਲ ਸਿੰਘ ਵਜੀਰ ਨਾਭਾ ਤੇ ਕੁਝ ਹੋਰ ਅਫਸਰ ਆਏ ਤੇ ਕਿਹਾ ਕਿ ਮਹਾਰਾਜ ਦੀ ਸੁਆਰੀ ਲੈ ਚਲੋ। ਜੱਥੇਦਾਰ ਨੇ ਇਨਕਾਰ ਕਰ ਦਿੱਤਾ ਕਿ ਅਸੀਂ ਇਥੋਂ ਨਹੀਂ ਜਾਣਾ। ਕਾਫੀ ਤਕਰਾਰ ਤੋਂ ਬਾਅਦ ਰਿਆਸਤੀ ਕਰਮਚਾਰੀਆਂ ਨੇ ਪੰਜ ਫੌਜੀ ਸਿੰਘ ਲਿਆਂਦੇ ਤੇ ਕਿਹਾ ਇਹ ਸਿੰਘ ਇਸ਼ਨਾਨ ਕਰਕੇ ਆਏ ਹਨ ਇਨ੍ਹਾਂ ਨੂੰ ਸੁਆਰੀ ਲੈ ਜਾਣ ਦਿਓ। ਫਿਰ ਉਹ ਜਬਰਦਸਤੀ ਸੁਆਰੀ ਲੈ ਗਏ ਪਤਾ ਨਹੀਂ ਕਿੱਥੇ ਜਾ ਕੇ ਸਥਾਪਿਤ ਕੀਤੀ। ਜੱਥੇਦਾਰ, ਗ੍ਰੰਥੀ ਸਿੰਘ ਅਤੇ ਹੋਰ ਸਿੰਘਾਂ ਨੂੰ ਬੰਨ ਕੇ ਰਾਤ ੧੦-੧੧ ਵਜੇ ਜੰਗਲਿਆਂ ਵਿੱਚ ਲੈ ਗਏ। ਇਥੇ ਸਾਰੀ ਰਾਤ ਰੋਟੀ ਪਾਣੀ ਨਹੀਂ ਦਿੱਤਾ ਅਗਲਾ ਦਿਨ ਵੀ ਇਸੇ

ਤਰ੍ਹਾਂ ਲੰਘਿਆ। ਸਾਰੇ ਸਿੰਘ ਭੁੱਖਣ ਭਾਣੇ ਗੁਰੂ ਦੇ ਭਾਣੇ ਵਿੱਚ ਸ਼ੁਕਰ ਕਰ ਰਹੇ ਸਨ। ਅੱਧੀ ਰਾਤ ਲੰਘੀ ਤਾਂ ਚੁਲੀ ਚੁਲੀ ਭਰ ਪਾਣੀ ਮਿਲਿਆ। ਤੀਜੇ ਦਿਨ ਦੁਪਹਿਰ ਵੇਲੇ ਇੱਕ ਇੱਕ ਰੋਟੀ ਤੇ ਇੱਕ ਇੱਕ ਬੁੱਕ ਪਾਣੀ ਦਾ ਮਿਲਿਆ। ਬਹੁਤ ਸਾਰੇ ਸਿੰਘ ਬਿਮਾਰ ਹੋ ਗਏ। ਕੋਈ ਦਵਾਈ ਬੂਟੀ ਨਹੀਂ ਦਿੱਤੀ ਗਈ। ਜੱਥੇ ਦੇ ਨਾਲ ਆਏ ਡਾਕਟਰ ਵੀ ਗ੍ਰਿਫਤਾਰ ਕੀਤੇ ਗਏ ਤੇ ਦਵਾਈਆਂ ਵੀ ਜ਼ਬਤ ਕਰ ਲਈਆਂ ਗਈਆਂ ਸਨ। ਟਿੱਬੀ ਸਾਹਿਬ ਕੋਲੋਂ ਫੱਟੜ ਹੋਏ ਸਿੰਘ, ਬੀਬੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇੱਕ ਅੰਦਾਜੇ ਅਨੁਸਾਰ ੭੦੦ ਸਿੰਘ, ਸਿੰਘਣੀਆਂ ਗ੍ਰਿਫਤਾਰ ਕੀਤੀਆਂ ਗਈਆਂ। ਕਿਸੇ ਵੀ ਨੇਤਾ ਜਾਂ ਪੱਤਰ ਪ੍ਰੇਰਕ ਨੂੰ ਰਿਆਸਤ ਨਾਭਾ ਦੀ ਹੱਦ ਅੰਦਰ ਨਹੀਂ ਆਉਣ ਦਿੱਤਾ ਗਿਆ। ਪ੍ਰਿੰਸੀਪਲ ਗਿਡਵਾਨੀ, ਡਾ.ਸੈਫਉਦੀਨ ਕਿਚਲੂ, ਮਿ.ਸੇਵਲ ਜ਼ੀਮਾਂਡ ਪੱਤਰ ਪ੍ਰੇਰਕ ਅਖਬਾਰ ਨਿਊਯਾਰਕ ਅਮਰੀਕਾ ਨੂੰ ਬਾਰਡਰ ਤੇ ਰੋਕ ਲਿਆ ਗਿਆ। ਇਕ ਫੋਟੋ ਗ੍ਰਾਫਰ ਨੂੰ ਚਾਬਕ ਮਾਰ ਕੇ ਰਿਆਸਤ ਦੀ ਹੱਦ ਤੋਂ ਬਾਹਰ ਕੱਢ ਦਿੱਤਾ ਗਿਆ। ਇਹ ਸਭ ਕੁਝ ਸਚਾਈ ਨੂੰ ਛੁਪਾਉਣ ਵਾਸਤੇ ਕੀਤਾ ਗਿਆ ਤਾਂ ਜੋ ਸ਼ਹੀਦ ਅਤੇ ਫੱਟੜ ਹੋਏ ਸਿੰਘਾਂ ਦੀ ਗਿਣਤੀ ਦਾ ਪਤਾ ਨਾ ਲੱਗ ਸਕੇ।

ਸ਼੍ਰੋਮਣੀ ਕਮੇਟੀ ਕੋਲ ਪੁੱਜੀਆਂ ਖਬਰਾਂ ਅਨੁਸਾਰ ੯੦ ਸ਼ਹੀਦ ਤੇ ੨੦੦ ਸਿੰਘ, ਬੀਬੀਆਂ ਜ਼ਖਮੀ ਹੋਏ ਸਨ। ਗੋਲੀ ਚੱਲਣ ਦੇ ੨੪ ਘੰਟੇ ਬਾਅਦ ਜਦੋਂ ਸਾਰੇ ਸ਼ਹੀਦ ਤੇ ਫੱਟੜ ਟਿਕਾਣੇ ਲਾ ਦਿੱਤੇ ਗਏ ਤਾਂ ਦੋ ਆਈ.ਐਮ.ਐਸ. ਡਾਕਟਰ ਮਲ੍ਹਮ ਪੱਟੀ ਲਈ ਪੁੱਜੇ। ਜੈਤੋਂ ਵਿੱਚ ਸ਼ਹੀਦੀ ਜੱਥੇ ਨਾਲ ਵਰਤੀ ਇਸ ਦਰਦਨਾਕ ਘਟਨਾ ਤੋਂ ਬਾਅਦ ਵੀ ਸਿੱਖ ਸੰਗਤਾਂ ਦਾ ਜੋਸ਼ ਮੱਠਾ ਪੈਣ ਦੀ ਥਾਂ ਹੋਰ ਵੱਧ ਗਿਆ। ਗਲੀਆਂ, ਬਾਜਾਰਾਂ ਅਤੇ ਪਿੰਡਾਂ ਵਿੱਚ ਇਹ ਗੀਤ ਆਮ ਸੁਣਾਈ ਦਿੰਦੇ ਸਨ :

'ਨਾਭੇ ਨੂੰ ਜਰੂਰ ਜਾਵਾਂਗਾ ਭਾਂਵੇ ਸਿਰ ਕੱਟ ਜਾਵੇ ਮੇਰਾ'

ਦੂਜਾ ਸ਼ਹੀਦੀ ਜੱਥਾ ੨੮ ਫਰਬਰੀ ੧੯੨੪ ਨੂੰ ਅੰਮ੍ਰਿਤਸਰ ਤੋਂ ਚੱਲ ਕੇ ੧੪ ਮਾਰਚ ਨੂੰ ਜੈਤੋਂ ਪਹੁੰਚਿਆ। ਇਸ ਵਾਰ ਗੋਲੀ ਨਹੀਂ ਚਲੀ ਤੇ ਜੱਥੇ ਨੂੰ ਗ੍ਰਿਫਤਾਰ ਕਰਕੇ ਕਿਲ੍ਹੇ ਦੀ ਵਲੱਗਣ ਅੰਦਰ ਬੰਦ ਕਰ ਦਿੱਤਾ। ਕੁਝ ਦਿਨਾਂ ਬਾਅਦ ਗ੍ਰਿਫਤਾਰ ਕੀਤੇ ਸਿੰਘਾਂ ਨੂੰ ਨਾਭਾ ਬੀੜ੍ਹ ਲੈ ਜਾਕੇ ਗੰਦੀ ਥਾਂ ਤੇ ਬੰਦ ਕਦ ਦਿੱਤਾ ਗਿਆ।

ਤੀਜਾ ਜੱਥਾ ੨੨ ਮਾਰਚ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਰਵਾਨਾ ਹੋਇਆ ਅਤੇ ੭ ਅਪ੍ਰੈਲ ਨੂੰ ਜੈਤੋਂ ਪਹੁੰਚ ਕੇ ਗ੍ਰਿਫਤਾਰ ਹੋਇਆ। ਚੌਥਾ ਸ਼ਹੀਦੀ ਜੱਥਾ ਸ੍ਰੀ ਆਨੰਦਪੁਰ ਸਾਹਿਬ ਤੋਂ ੨੭ ਮਾਰਚ ਨੂੰ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਵਿਦਾਅ ਕੀਤਾ ਗਿਆ। ਇਸ ਜੱਥੇ ਨੂੰ ਵੀ ੧੮ ਅਪ੍ਰੈਲ ਜੈਤੋਂ ਪਹੁੰਚਣ ਤੇ ਗ੍ਰਿਫਤਾਰ ਕਰਕੇ ਬੰਦੀ ਵਿੱਚ ਭੇਜ ਦਿੱਤਾ ਗਿਆ। ਪੰਜਵਾਂ ਜੱਥਾ ਜ਼ਿਲ੍ਹਾ ਲਾਇਲਪੁਰ (ਪਾਕਿਸਤਾਨ) ਦੇ ਸਿੰਘਾਂ ਦਾ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਲਾਇਲਪੁਰ ਤੋਂ ੧੨ ਅਪ੍ਰੈਲ ਨੂੰ ਚੱਲਿਆ। ਇਸ ਜੱਥੇ ਦਾ ਅੰਮ੍ਰਿਤਸਰ ਪਹੁੰਚਣ ਤੇ ਖਾਲਸਾ ਕਾਲਜ ਦੇ ਵਿਦਿਆਰਥੀਆਂ ਨੇ ਭਰਵਾਂ ਸੁਆਗਤ ਕੀਤਾ। ਇਸ ਜੱਥੇ ਵਿੱਚ ਲੇਖਕ ਦੇ ਪਿਤਾ ਦੇ

ਤਾਇਆ ਜੀ ਦੇ ਪੁੱਤਰ ਜੱਥੇਦਾਰ ਚੰਨਣ ਸਿੰਘ ਚੱਕ. ੬੨੪ ਤਹਿਸੀਲ ਜੜ੍ਹਾਂ ਵਾਲਾ, ਲਾਇਲਪੁਰ ਵੀ ਸ਼ਾਮਿਲ ਸਨ। ਛੇਵਾਂ ਜੱਥਾ ਫਿਰੋਜਪੁਰ ਤੋਂ ੯ ਮਈ, ਸਤਵਾਂ ਇੱਕ ਜੂਨ ਨੂੰ ਸ੍ਰੀ ਅਨੰਦਪੁਰ ਸਾਹਿਬ ਤੋਂ, ਅੱਠਵਾਂ ੨੨ ਜੂਨ ਨੂੰ ਸ੍ਰੀ ਨਨਕਾਣਾ ਸਾਹਿਬ ਤੋਂ ਅਤੇ ਨੌਂਵਾ ਜੱਥਾ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਤੋਂ ੨੫ ਜੂਨ ਨੂੰ ਚਲਿਆ।

ਦਸਵਾਂ ਸ਼ਹੀਦੀ ਜੱਥਾ ਜਿਸ ਵਿੱਚ ਇਕ ਇਕ ਸੌ ਸਿੰਘ ਲਾਹੌਰ ਤੇ ਅੰਮ੍ਰਿਤਸਰ ਜ਼ਿਲ੍ਹਿਆਂ ਦੇ, ਦੋ ਸੌ ਗੁਰਦਾਸਪੁਰ ਤੋਂ ਅਤੇ ਬਾਕੀ ਗੁਜਰਾਂਵਾਲਾ, ਜਿਹਲਮ, ਗੁਜਰਾਤ ਅਤੇ ਰਾਵਲਪਿੰਡੀ ਤੋਂ ਸ਼ਾਮਲ ਹੋਏ। ਗਿਆਰਵਾਂ ਜੱਥਾ ਫਿਰ ਫਿਰੋਜਪੁਰ ਤੋਂ ਲੁਧਿਆਣੇ ਦੇ ਸਿੰਘਾਂ ਦਾ ਸੀ। ਇਹ ਦੋਵੇਂ ਜੱਥੇ ੧੩ ਜੁਲਾਈ ੧੯੨੪ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਰਵਾਨਾ ਹੋਏ ਪਰ ਇਨ੍ਹਾਂ ਦੇ ਰਸਤੇ ਵੱਖੋ ਵੱਖਰੇ ਸਨ। ਬਾਰਵਾਂ ਜੱਥਾ ੧੭ ਜੁਲਾਈ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਚਲਿਆ। ਤੇਰਵਾਂ ਜੱਥਾ ੧੮ ਸਤੰਬਰ ਨੂੰ ਅੰਮ੍ਰਿਤਸਰ ਤੋਂ ਭੇਜਿਆ ਗਿਆ। ਇਸ ਵਿੱਚ ਵੀ ਕਈ ਜ਼ਿਲ੍ਹਿਆਂ ਤੋਂ ਸਿੰਘ ਸ਼ਾਮਲ ਹੋਏ। ਚੌਧਵੇਂ ਜੱਥੇ ਦੀ ਤਿਆਰੀ ਜੱਥੇਦਾਰ ਦਰਸ਼ਨ ਸਿੰਘ ਫੇਰੂਮਾਨ ਜੋ ਕਿ ੬ ਮਹੀਨੇ ਦੀ ਸਜ਼ਾਂ ਕੱਟ ਜੇਲ੍ਹ ਤੋਂ ਬਾਹਰ ਆਏ ਸਨ ਨੇ ਆਰੰਭ ਕੀਤੀ। ਇਹ ਜੱਥਾ ੧੫ ਦਸੰਬਰ ਨੂੰ ਜੱਥੇਦਾਰ ਫੇਰੂਮਾਨ ਦੀ ਅਗਵਾਈ ਹੇਠ ਸ੍ਰੀ ਅਕਾਲ ਤਖਤ ਸਾਹਿਬ ਤੋਂ ਚੱਲਿਆ। ਪੰਦਰਵਾਂ ਜੱਥਾ ੧ ਮਾਰਚ ੧੯੨੫ ਅਤੇ ਸੋਲਵਾਂ ਜੱਥਾ ੧੭ ਅਪ੍ਰੈਲ ੧੯੨੫ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਚਲੇ।

ਸਤਾਰਵਾਂ ਤੇ ਆਖਰੀ ਖਾਸ ੧੦੧ ਸਿੰਘਾਂ ਦਾ ਜੱਥਾ ਜਿਸ ਨੇ ਅਖੰਡ ਪਾਠ ਦੀ ਸੇਵਾ ਕਰਨੀ ਸੀ ੨੭ ਅਪ੍ਰੈਲ ੧੯੨੫ ਨੂੰ ਰਵਾਨਾ ਹੋਇਆ। ਇਹ ਜੱਥਾ ਹਾਲੇ ਰਸਤੇ ਵਿੱਚ ਹੀ ਸੀ ਕਿ ਜ਼ਾਲਮ ਅੰਗ੍ਰੇਜੀ ਸਰਕਾਰ ਨੇ ਗੰਗਸਰ ਜੈਤੋਂ ਤੋਂ ਸਾਰੀਆਂ ਪਾਬੰਦੀਆਂ ਹਟਾ ਲਈਆਂ।

ਇਸ ਮੋਰਚੇ ਵਿੱਚ ਦੁਨੀਆਂ ਭਰ ਦੀਆਂ ਸਿੱਖ ਸੰਗਤਾਂ ਨੇ ਹਿੱਸਾ ਪਾਇਆ। ਇਕ ਸੌ ਸਿੰਘਾਂ ਦਾ ਜੱਥਾ ਬੰਗਾਲ, ਬੜੀ ਸਿੱਖ ਸੰਗਤ ਕਲਕੱਤਾ ਤੋਂ ੨੯ ਜੂਨ ੧੯੨੪ ਨੂੰ ਚੱਲ ਕੇ ੧੨ ਜੁਲਾਈ ਨੂੰ ਅੰਮ੍ਰਿਤਸਰ ਪਹੁੰਚਿਆ। ਕੈਨੇਡਾ ਵੈਨਕੂਵਰ ਤੋਂ ਗਿਆਰਾਂ ਸਿੰਘਾਂ ਦਾ ਜੱਥਾ ੧੭ ਜੁਲਾਈ ੧੯੨੪ ਨੂੰ ਆਇਆ ਅਤੇ ੨੧ ਫਰਬਰੀ ੧੯੨੫ ਨੂੰ ਜੈਤੋਂ ਗ੍ਰਿਫਤਾਰੀ ਦਿੱਤੀ। ਪੰਝੀ ਸਿੰਘ ੨੪ ਫਰਬਰੀ ੧੯੨੪ ਨੂੰ ਸੰਘਾਈ ਹਾਂਗ ਕਾਂਗ ਤੋਂ ਆ ਕੇ ੧੫ ਜੁਲਾਈ ੧੯੨੪ ਨੂੰ ਅੰਮ੍ਰਿਤਸਰ ਪਹੁੰਚੇ। ਇਕ ਹੋਰ ੨੫ ਸਿੰਘਾਂ ਦਾ ਜੱਥਾ ਸੰਘਾਈ ਤੋਂ ੨੫ ਜੁਲਾਈ ੧੯੨੫ ਨੂੰ ਅੰਮ੍ਰਿਤਸਰ ਪਹੁੰਚਿਆ।

ਇਸ ਪ੍ਰਕਾਰ ਸਿੱਖ ਸੰਗਤਾਂ ਨੇ ਧਾਰਮਿਕ ਮਰਿਯਾਦਾ ਵਿੱਚ ਸਰਕਾਰੀ ਦਖਲ ਨਾ ਕਬੂਲਦੇ ਹੋਏ ਇੱਕ ਸਾਲ ਤੇ ਦਸ ਮਹੀਨੇ ਘਾਲਣਾ ਘਾਲੀ। ਇਸ ਵਿੱਚ ਸੈਂਕੜੇ ਸ਼ਹੀਦ ਹੋਏ, ਬਹੁਤ ਅੰਗਹੀਨ ਹੋਏ, ਅਨੇਕਾਂ ਦੀਆਂ ਜਾਇਦਾਦਾਂ ਜ਼ਬਤ ਹੋਈਆਂ, ਨੌਕਰੀਆਂ ਤੋਂ ਹੱਥ ਧੋਣੇ ਪਏ ਅਤੇ ਜਲਾਵਤਨ ਹੋਏ ਅਸਹਿ ਤੇ ਅਕਹਿ ਤਸੀਹੇ ਝੱਲੇ, ਪਰ ਸਿੱਖੀ ਸਿਦਕ ਕਾਇਮ ਰੱਖਿਆ। ਸ਼ਮਸ਼ੇਰ ਸਿੰਘ ਅਸ਼ੋਕ ਨੇ ਆਪਣੀ ਪੁਸਤਕ ਅਕਾਲੀ ਲਹਿਰ ਤੇ ਜੈਤੋਂ ਦਾ ਮੋਰਚਾ

੧੯੨੪ ਵਿੱਚ ਸ਼ਹੀਦਾਂ ਦੀ ਗਿਣਤੀ ੨੦੧ ਤੇ ਨਾਭਾ ਰਿਆਸਤ ਤੋਂ ਜਲਾਵਤਨ ਕੀਤੇ ਗਿਆਂ ਦੀ ਗਿਣਤੀ ੨੬ ਲਿਖੀ ਹੈ।

ਇੱਕ ਸੌ ਇੱਕ ਅਖੰਡ ਪਾਠਾਂ ਦੀ ਲੜੀ ਗੁਰਦੁਆਰਾ ਗੰਗਸਰ ਜੈਤੋਂ ਵਿਖੇ ੬ ਅਗਸਤ ੧੯੨੫ ਨੂੰ ਸੰਪੂਰਨ ਹੋਈ। ਇਸ ਵਿੱਚ ਅਣਗਿਣਤ ਸੰਗਤਾਂ ਸ਼ਾਮਲ ਹੋਈਆਂ। ਸਾਰੇ ਕੈਦੀ ਸਿੰਘ ਰਿਹਾਅ ਕਰ ਦਿੱਤੇ ਗਏ, ੧੯ ਪਾਲਕੀਆਂ ਇੱਕ ਸੌ ਤੋਂ ਵਧ ਨਿਸ਼ਾਨ ਸਾਹਿਬ, ਸੈਂਕੜੇ ਕਿਰਪਾਨਾਂ ਆਦਿ ਜੋ ਸਮਾਨ ਜੱਥਿਆ ਤੋਂ ਖੋਹਿਆ ਗਿਆ ਸੀ ਵਾਪਸ ਕੀਤਾ ਗਿਆ।

ਸ਼ਹੀਦੀ ਜੱਥਿਆ ਦੇ ਮੈਂਬਰਾਂ ਨੂੰ ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਤਰਨਤਾਰਨ ਸਾਹਿਬ ਵਿਖੇ ਇਕੱਠੇ ਹੋਣ ਦਾ ਸੱਦਾ ਦਿੱਤਾ ਗਿਆ। ਅੱਠ ਤੇ ਨੌਂ ਅਗਸਤ ੧੯੨੫ ਨੂੰ ਸ੍ਰੀ ਤਰਨਤਾਰਨ ਸਾਹਿਬ ਵਿੱਚ ਸੰਗਤਾਂ ਦਾ ਭਰਪੂਰ ਇਕੱਠ ਹੋਇਆ। ਨੌਂ ਅਗਸਤ ੧੯੨੫ ਨੂੰ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀਆਂ ਜੇਤੂ ਫੌਜਾਂ ਸ੍ਰੀ ਤਰਨਤਾਰਨ ਸਾਹਿਬ ਤੋਂ ਪੈਦਲ ਯਾਤਰਾ ਕਰਦੀਆਂ ਹੋਈਆਂ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚੀਆਂ। ਦਸ ਅਗਸਤ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੇ ਸੂਰਬੀਰ ਸਿੰਘਾਂ ਦਾ ਸਨਮਾਨ ਕੀਤਾ ਗਿਆ। ਮਾਣ ਪੱਤਰ ਪਰਦਾਨ ਕੀਤੇ ਗਏ।

ਸਰਕਾਰੀ ਜਬਰ ਦੀ ਇੱਕ ਝਲਕ : ਛੇਵੇਂ ਸ਼ਹੀਦੀ ਜੱਥੇ ਨਾਲ ੧੨-੧੬ ਸਾਲ ਦੀ ਉਮਰ ਦੇ ੨੨ ਭੁਜੰਗੀ ਸਿੰਘ ਸਨ। ਜੂਨ ਦੇ ਮਹੀਨੇ ਦੀ ਅੱਤ ਗਰਮੀ ਦੀ ਦੁਪਹਿਰ ਨੂੰ ਗ੍ਰਿਫਤਾਰ ਕੀਤੇ ਗਏ ਸਿੰਘਾਂ ਨੂੰ ਤਪਦੀ ਰੇਤ ਉੱਤੇ ਇੱਕ ਘੰਟੇ ਲਈ ਖੜਾ ਰੱਖਿਆ ਗਿਆ। ਇਸ ਤੋਂ ਬਾਅਦ ਭੁਜੰਗੀ ਸਿੰਘਾਂ ਨੂੰ ਜੱਥੇ ਦੇ ਬਾਕੀ ਸਿੰਘਾਂ ਨਾਲੋਂ ਵੱਖ ਕਰ ਲਿਆ ਗਿਆ ਤੇ ਨਾਭੇ ਦੀ ਕਾਰਖਾਸ ਜੇਲ੍ਹ ਦੇ ਵਿਹੜੇ ਵਿੱਚ ਰੱਖੇ ਨੌਂ ਦਸ ਫੁਟ ਦੇ ਇੱਕ ਪਿੰਜਰੇ ਵਿੱਚ ਤੁੰਨ ਕੇ ਤਾਲਾ ਲਾ ਦਿੱਤਾ। ਲੋਹੇ ਦਾ ਪਿੰਜਰਾ ਤਪ ਰਿਹਾ ਸੀ ਉਪਰੋਂ ਸੂਰਜ ਕੜਕਦਾ ਸੀ ਇਸ ਛੋਟੇ ਪਿੰਜਰੇ ਵਿੱਚ ੨੨ ਸਿੰਘਾਂ ਦਾ ਸਾਹ ਲੈਣਾ ਵੀ ਔਖਾ ਸੀ। ਸਾਰਾ ਦਿਨ ਪਾਣੀ ਵੀ ਨਹੀਂ ਮਿਲਿਆ ਰਾਤ ਨੂੰ ਸਿਰਫ ਇੱਕ ਘੜਾ ਪਾਣੀ ਦਾ ਦਿੱਤਾ। ਦੂਜੇ ਦਿਨ ਦਸ ਵਜੇ ਰੋਟੀਆਂ ਦਾ ਇੱਕ ਟੋਕਰਾ ਰੱਖ ਦਿੱਤਾ। ਇਸ ਦੇ ਨਾਲ ਕੰਕਰਾਂ ਵਾਲੀ ਦਾਲ ਜੋ ਖਾਣ ਯੋਗ ਨਹੀਂ ਸੀ ਦਿੱਤੀ। ਬੰਦੀ ਸਿੰਘਾਂ ਨੇ ਸੁੱਕੀ ਰੋਟੀ ਦੀਆਂ ਬੁਰਕੀਆਂ ਪਾਣੀ ਦੇ ਘੁੱਟ ਨਾਲ ਲੰਘਾ ਕੇ ਪੇਟ ਦੀ ਅੱਗ ਕੁਝ ਮੱਠੀ ਕੀਤੀ। ਬਾਰਾਂ ਵਜੇ ਦੇ ਕਰੀਬ ਇੱਕ ਹਵਾਲਦਾਰ ਸਿਪਾਹੀਆਂ ਸਮੇਤ ਆਇਆ ਅਤੇ ਚਾਰ-ਚਾਰ ਭੁਜੰਗੀ ਸਿੰਘਾਂ ਨੂੰ ਵਾਰੀ ਵਾਰੀ ਪਿੰਜਰੇ ਵਿਚੋਂ ਕੱਢ ਕੇ ਨਾਲ ਦੇ ਕਮਰੇ ਵਿੱਚ ਲੈ ਜਾ ਕੇ ਬੁਰੀ ਤਰ੍ਹਾਂ ਨਾਲ ਕੁੱਟਿਆ, ਉਚੇ ਚੁੱਕ ਚੁੱਕ ਕੇ ਧਰਤੀ ਤੇ ਪਟਕਾਇਆ ਗਿਆ। ਪੁਲਿਸ ਵਾਲੇ ਇਨ੍ਹਾਂ ਬੰਦੀਆਂ ਤੋਂ ਉਨ੍ਹਾਂ ਦੇ ਘਰ ਦਾ ਪਤਾ, ਮਾਂ ਬਾਪ ਦਾ ਨਾਮ ਪੁੱਛਦੇ ਸਨ ਪਰ ਕਿਸੇ ਵੀ ਭੁਜੰਗੀ ਨੇ ਮੂੰਹ ਨਹੀਂ ਖੋਲਿਆ ਤੇ ਮਾਰ ਸਹਿੰਦੇ ਗਏ। ਇਸ ਤਰ੍ਹਾਂ ਨਾਲ ਜਦੋਂ ਸਾਰੇ ੨੨ ਸਿੰਘਾਂ ਨੂੰ ਤਸੀਹਾ ਦੇਣਾ ਪੂਰਾ ਹੋ ਗਿਆ ਫਿਰ ਦੁਬਾਰਾ ਪਿੰਜਰੇ ਵਿੱਚ ਸੁੱਟ ਕੇ ਤਾਲਾ ਮਾਰ ਦਿੱਤਾ। ਇਹ ਕਾਰਵਾਈ ਸੱਤ ਦਿਨ ਤਕ ਚਲਦੀ ਰਹੀ। ਅੱਠਵੇਂ ਦਿਨ ਇਨ੍ਹਾਂ ਭੁਜੰਗੀਆਂ ਨੂੰ ਗੱਡੀ ਦੇ ਬਿਠਾ ਕੇ ਧੂਰੀ ਰੇਲਵੇ ਸਟੇਸ਼ਨ ਤੇ ਉਤਾਰ ਦਿੱਤਾ ਗਿਆ। ਇਥੋਂ ਧੂਰੀ ਦੇ ਗੁਰਸਿੱਖ ਇਨ੍ਹਾਂ ਨੂੰ

ਗੁਰਦੁਆਰਾ ਸਾਹਿਬ ਵਿੱਚ ਲੈ ਗਏ ਤੇ ਇਨ੍ਹਾਂ ਦਾ ਇਲਾਜ ਕਰਵਾਇਆ। ਸ਼੍ਰੋਮਣੀ ਕਮੇਟੀ ਦਾ ਸੁਨੇਹਾ ਮਿਲਣ ਤੇ ਇਨ੍ਹਾਂ ਸਾਰਿਆਂ ਨੂੰ ਅੰਮ੍ਰਿਤਸਰ ਪਹੁੰਚਾਇਆ ਗਿਆ। ਜਦੋਂ ਇਹ ਸਿੰਘ ਤੁਰਨ ਫਿਰਨ ਜੋਗੇ ਹੋ ਗਏ ਤਾਂ ਇਨ੍ਹਾਂ ਫਿਰ ਮੰਗ ਕੀਤੀ ਕਿ ਅਸੀਂ ਦੁਬਾਰਾ ਜੈਤੋਂ ਜਾਣਾ ਹੈ। ਵਾਰ ਵਾਰ ਹਠ ਕਰਨ ਤੇ ਇਨ੍ਹਾਂ ਨੂੰ ਰੇਲ ਗੱਡੀ ਰਾਹੀਂ ਜੈਤੋਂ ਭੇਜ ਦਿੱਤਾ ਗਿਆ। ਉਸ ਦਿਨ ਅੱਠਵਾ ਸ਼ਹੀਦੀ ਜੱਥਾ ਜੈਤੋਂ ਪੁੱਜ ਰਿਹਾ ਸੀ। ਇਹ ਭੁਜੰਗੀ ਸਿੰਘ ਰੇਲਵੇ ਸਟੇਸ਼ਨ ਤੋਂ ਜੈਕਾਰੇ ਛੱਡਦੇ ਹੋਏ ਗੁਰਦੁਆਰਾ ਗੰਗਸਰ ਵਲ ਨੂੰ ਚਲ ਪਏ। ਇਹ ਵੇਖ ਕੇ ਇਕ ਪੁਲਿਸ ਅਫਸਰ ਸਿਪਾਹੀਆਂ ਸਮੇਤ ਸਟੇਸ਼ਨ ਵਲ ਨੂੰ ਦੌੜਿਆ ਗਿਆ, ਇਨ੍ਹਾਂ ਸਿੰਘਾਂ ਨੂੰ ਫੜ ਕੇ ਰੇਲ ਦੇ ਇੱਕ ਡੱਬੇ ਵਿੱਚ ਬੰਦ ਕਰ ਦਿਤਾ ਅਤੇ ਫਿਰ ਇਨ੍ਹਾਂ ਨੂੰ ਕਾਸੂਬੇਗ ਸਟੇਸ਼ਨ (ਜਿਲ੍ਹਾ ਫਿਰੋਜਪੁਰ) ਸੁੰਨੀ ਥਾਂ ਤੇ ਉਤਾਰ ਦੇਣ ਦਾ ਹੁਕਮ ਕੀਤਾ, ਪਰ ਜਦੋਂ ਇੱਹ ਗੱਡੀ ਕੋਟਕਪੂਰੇ ਸਟੇਸ਼ਨ ਤੇ ਰੁਕਣ ਲਈ ਹੌਲੀ ਹੋਈ ਤਾਂ ਇਹ ਸਿੰਘ ਛਾਲਾਂ ਮਾਰ ਕੇ ਬਾਹਰ ਨਿਕਲ ਗਏ। ਉਸ ਸਮੇਂ ਹਨੇਰਾ ਸੀ, ਇੱਕ ਬਾਗ ਵਿੱਚ ਇਨ੍ਹਾਂ ਨੇ ਰਾਤ ਕੱਟੀ ਤੇ ਫਿਰ ਜੈਤੋਂ ਵਲ ਨੂੰ ਚਲ ਪਏ। ਇਹ ਲੁਕਦੇ ਛਿਪਦੇ ਸ਼ਾਮ ਦੇ ਤਿੰਨ ਵਜੇ ਗੁਰਦੁਆਰਾ ਗੰਗਸਰ ਦੇ ਨੇੜੇ ਪਹੁੰਚ ਗਏ। ਇਥੋਂ ਇਨ੍ਹਾਂ ਨੂੰ ਗ੍ਰਿਫਤਾਰ ਕਰਕੇ ਨਾਭਾ ਕਾਰਖਾਸ ਵਿੱਚ ਭੇਜਿਆ ਗਿਆ ਜਿਥੇ ਇਨ੍ਹਾਂ ਸਿੰਘਾਂ ਤੇ ਪਹਿਲਾਂ ਨਾਲੋਂ ਵੱਧ ਮਾਰ ਕੁਟਾਈ ਅਤੇ ਅਸਹਿ ਤੇ ਅਕਹਿ ਤਸਦੱਦ ਕੀਤਾ ਗਿਆ। ਭੁੱਖੇ ਤਿਹਾਏ ਝੱਲਦੇ ਹੋਏ ਇਨ੍ਹਾਂ ਗੁਰੂ ਦੇ ਲਾਲਾਂ ਨੇ ਸਿਦਕ ਨਹੀਂ ਛੱਡਿਆ ਤੇ ਵਾਰ ਵਾਰ ਕਹਿੰਦੇ ਰਹੇ ਕਿ ਗੁਰਦੁਆਰਾ ਗੰਗਸਰ ਜਾ ਕੇ ਸ੍ਰੀ ਅਖੰਡ ਪਾਠ ਸੰਪੂਰਨ ਕਰਨਾ ਹੈ। ਇਹ ਭੁਜੰਗੀ ਜੱਥਾ ਤਿੰਨ ਵਾਰ ਖੂਨੀ ਕਾਰਖਾਸ ਵਿੱਚ ਬੰਦੀ ਬਣਿਆ ਤੇ ਤਸੀਹੇ ਝੱਲਦੇ ਰਿਹਾ। ਇਸ ਤਰ੍ਹਾਂ ਬਾਕੀ ਜੱਥਿਆਂ ਦੇ ਸਿੰਘਾਂ ਨਾਲ ਵੀ ਇਸ ਕਾਰਖਾਸ ਵਿੱਚ ਅਣਮਨੁੱਖੀ ਵਿਵਹਾਰ ਕੀਤਾ ਜਾਂਦਾ ਸੀ ਜਿਵੇਂ ਕਿ ਸਾਰੀ ਰਾਤ ਖੜੇ ਰੱਖਣਾ; ਰਤਾ ਭਰ ਢਿਲ ਹੋਣ ਤੇ ਚਾਬਕ ਮਾਰਨੇ; ਸਿਰ ਅਤੇ ਦਾਹੜੇ ਦੇ ਕੇਸ ਨੋਚਣੇ, ਮੰਜੇ ਦੇ ਪਾਵਿਆਂ ਥੱਲੇ ਹੱਥ ਰਖਾ ਕੇ ਮੰਜੇ ਉਪਰ ਸਿਪਾਹੀਆਂ ਦਾ ਬੈਠਣਾ, ਟੰਗਾਂ ਚੌੜੀਆ ਕਰਾ ਕੇ ਬਾਹਵਾਂ ਉਪਰ ਕਰਾ ਕੇ ਘੰਟਿਆ ਬੱਧੀ ਖੜਾ ਰੱਖਣਾ। ਹੱਥਾਂ ਦੀਆਂ ਉਂਗਲਾਂ ਵਿੱਚ ਲਕੜੀ ਫਸਾ ਕੇ ਦਬਾਇਆ ਜਾਣਾ, ਕੇਸਾਂ ਨੂੰ ਛੱਤ ਨਾਲ ਬੰਨ ਕੇ ਲਟਕਾਉਣਾ ਆਦਿ। ਬਹੁਤ ਸਾਰੇ ਸਿੰਘ ਸਰਦੀ ਵਿੱਚ ਨਮੂਨੀਏ ਅਤੇ ਗਰਮੀ ਵਿੱਚ ਪਾਣੀ ਨਾ ਮਿਲਣ ਕਰਕੇ ਤੜਪ ਤੜਪ ਕੇ ਸ਼ਹੀਦ ਹੋਏ।

ਸਾਰੀ ਸਿੱਖ ਕੌਮ ਨੇ ਇਸ ਮੋਰਚੇ ਵਿੱਚ ਬਣਦਾ ਯੋਗਦਾਨ ਪਾਇਆ। ਸ਼ਹੀਦਾਂ ਸਿੰਘਾਂ ਦੇ ਨਮਿੱਤ ਥਾਉਂ ਥਾਈ ਪ੍ਰਦਰਸ਼ਨ ਕੀਤੇ ਗਏ। ਸ੍ਰੀ ਮੁਕਤਸਰ ਸਾਹਿਬ ਵਿੱਚ ਵੀ ਇਨ੍ਹਾਂ ਸਹੀਦਾਂ ਦੀ ਯਾਦ ਵਿੱਚ ਨਗਰ ਕੀਰਤਨ ਸਜਾਇਆ ਗਿਆ। ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ ਮਹਾਪੁਰਸ਼ ਜੋ ਕਿ ਬਿਰਧ ਅਵਸਥਾ ਵਿੱਚ ਸਨ ਇਸ ਸਮਾਗਮ ਵਿੱਚ ਸ਼ਾਮਲ ਸਨ।

(ਬਾਕੀ ਪੰਨਾ 34 ਉੱਤੇ)

# ਅਹੰਕਾਰ

-ਸ.ਅਮਰੀਕ ਸਿੰਘ, ਮੋ 99144-44017

ਧਾਰਮਿਕ ਜਗਤ ਵਿੱਚ ਵਾਸ਼ਨਾ ਦਾ ਕਾਫੀ ਜ਼ਿਕਰ ਹੈ। ਵਾਸ਼ਨਾ ਗ੍ਰਸਤ ਹਿਰਦੇ ਵਿਚੋਂ ਪ੍ਰਾਰਥਨਾ ਵੀ ਵਾਸ਼ਨਾ ਦੀ ਹੀ ਹੋਵੇਗੀ। ਵਾਸ਼ਨਾ ਦੀਆਂ ਮੁੱਖ ਤੌਰ ਤੇ ਤਿੰਨ ਧਾਰਵਾਂ ਹਨ ਜੋ ਕਿ ਅਹੰਕਾਰ ਵਾਸ਼ਨਾ, ਲੋਭ-ਵਾਸ਼ਨਾ ਅਤੇ ਕਾਮ-ਵਾਸ਼ਨਾ ਹਨ। ਭਾਵੇਂ ਕਿ ਕ੍ਰੋਧ ਅਤੇ ਮੋਹ ਵੀ ਵਾਸਨਾ ਦਾ ਹੀ ਹਿੱਸਾ ਹਨ।

ਇਹ ਤਿੰਨੇ ਵਾਸ਼ਨਾਵਾਂ ਆਪਿਸ ਵਿੱਚ ਵਾਧੇ ਘਾਟੇ ਨਾਲ ਚਲਦੀਆਂ ਹਨ। ਕਦੇ ਇੱਕ ਵਿੱਚ ਤੁਫਾਨ ਆ ਜਾਂਦਾ ਹੈ ਤਾਂ ਦੂਜੀ ਮੱਧਮ ਪੈ ਜਾਂਦੀ ਹੈ ਅਤੇ ਕਦੇ ਦੂਜੀ ਵਿੱਚ ਹੜ੍ਹ (ਤੁਫਾਨ) ਆ ਜਾਂਦਾ ਤਾਂ ਤੀਜੀ ਮੱਧਮ ਪੈ ਜਾਂਦੀ ਹੈ। ਜਿਵੇਂ ਕਿਸੇ ਨਦੀ ਵਿੱਚ ਹੜ੍ਹ ਆ ਜਾਂਦਾ ਹੈ ਤਾਂ ਫਿਰ ਇਹ ਕਿਸੇ ਦੀ ਜਾਨ, ਮਾਲ ਦਾ ਨੁਕਸਾਨ ਕਰ ਦਿੰਦੀ ਹੈ, ਠੀਕ ਇਸੇ ਤਰ੍ਹਾਂ ਹੱਦ ਤੋਂ ਵਧੀ ਵਾਸ਼ਨਾ ਵੀ ਕਿਸੇ ਦੀ ਜਾਨ, ਮਾਲ ਜਾਂ ਇੱਜ਼ਤ ਦਾ ਨੁਕਸਾਨ ਕਰ ਦਿੰਦੀ ਹੈ।

ਜਿਥੋਂ ਤੱਕ ਅਹੰਕਾਰ (ਵਾਸ਼ਨਾ) ਦਾ ਸੰਬੰਧ ਹੈ, ਇਹ ਕਿਸੇ ਨੂੰ ਵੀ ਬਰਾਬਰੀ (ਸਮਾਨਤਾ) ਨਹੀਂ ਦੇ ਸਕਦੀ। ਉਸ ਦੇ ਸਾਹਮਣੇ ਤਾਂ ਆਪਣੇ ਮਾਂ-ਬਾਪ ਤੇ ਵੱਡੇ ਭਰਾ ਵੀ ਛੋਟੇ ਹੁੰਦੇ ਹਨ। ਇਥੋਂ ਤੱਕ ਕਿ ਉਸ ਅੱਗੇ ਤਾਂ ਗੁਰੂ ਅਤੇ ਪ੍ਰਮਾਤਮਾ ਵੀ ਛੋਟੇ ਹਨ। ਕਿਉਂਕਿ ਅਹੰਕਾਰ ਵਧਦਾ ਹੈ ਐਸੇ ਮਨੁੱਖ ਦੇ ਸਾਹਮਣੇ ਸਭ ਕੁਝ ਛੋਟਾ ਹੁੰਦਾ ਜਾਂਦਾ ਹੈ।

ਅਹੰਕਾਰੀ ਬੰਦਾ ਦੁਨਿਆਵੀਂ ਅੱਖਾਂ ਹੋਣ ਦੇ ਬਾਵਜੂਦ, ਆਪਣੀ ਅਹੰਕਾਰੀ-ਬੁਧੀ ਹੋਣ ਕਾਰਨ ਅੰਨ੍ਹਾ ਹੀ ਅਖਵਾਂਦਾ ਹੈ। ਉਹ ਕਿਸੇ ਦਾ ਕਿਸੇ ਹੱਦ ਤੱਕ ਵੀ ਜਾਨੀ, ਮਾਲੀ ਨੁਕਸਾਨ ਕਰਕੇ, ਆਪਣੇ ਹੱਥ ਮਜਬੂਤ ਕਰਨਾ ਚਾਹੁੰਦਾ ਹੈ। ਉਹ ਨਹੀਂ ਵੇਖਦਾ ਕਿ ਜਿਸ ਦਾ ਉਹ ਨੁਕਸਾਨ ਕਰ ਰਿਹਾ ਹੈ ਉਹ ਉਸ ਦਾ ਪਿਤਾ, ਭਰਾ, ਦੋਸਤ ਜਾਂ ਰਿਸ਼ਤੇਦਾਰ ਹਨ।

ਔਰੰਗਜ਼ੇਬ ਨੂੰ ਆਪਣੀ ਰਾਜ-ਗੱਦੀ ਦਾ ਇੰਨਾ ਜਿਆਦਾ ਅਹੰਕਾਰ ਸੀ ਕਿ ਉਸ ਨੇ ਆਪਣੇ ਹੱਥ ਮਜਬੂਤ ਕਰਨ ਲਈ ਆਪਣੇ ਬੁੱਢੇ ਪਿਤਾ ਨੂੰ ਹੀ ਜੇਲ ਵਿੱਚ ਸੁਟ ਦਿੱਤਾ, ਅਹੰਕਾਰ ਵਧਦਾ ਗਿਆ, ਉਸ ਨੇ ਆਪਣੇ ਭਰਾਵਾਂ ਅਤੇ ਭੈਣ ਨੂੰ ਵੀ ਜੇਲ ਦੀ ਤੰਗ ਕੋਠੜੀ ਵਿੱਚ ਪਾ ਦਿੱਤਾ, ਕਿਉਂਕਿ ਉਹ ਔਰੰਗਜੇਬ ਦਾ ਪੱਖ ਨਹੀਂ ਲੈਂਦੇ ਸਨ, ਸਗੋਂ ਆਪਣੇ ਬੁੱਢੇ ਪਿਓ ਦਾ ਪੱਖ ਲੈਂਦੇ ਸਨ। ਇਹ ਔਰੰਗਜੇਬ ਨੇ ਇਸ ਲਈ ਕੀਤਾ ਕਿ ਉਸ ਦੇ ਭਰਾ ਅਤੇ ਭੈਣ ਉਸ ਦੇ ਅਹੰਕਾਰ ਵਧਣ ਵਿੱਚ ਰੁਕਾਵਟ ਬਣਦੇ ਸਨ।

ਇਸੇ ਤਰ੍ਹਾਂ ਹਰਨਾਖਸ਼ ਦੀ ਗੱਲ ਹੈ ਜੋ ਕਹਿੰਦਾ ਸੀ ਕਿ ਉਹ ਹੀ ਪ੍ਰਮਾਤਮਾ ਹੈ, ਉਸ ਦਾ ਨਾਮ ਹੀ ਜਪਿਆ ਜਾਵੇ। ਪਰੰਤੂ ਜਦੋਂ ਉਸ ਨੂੰ ਮਹਿਸੂਸ ਹੋਇਆ ਕਿ ਉਸ ਦਾ ਆਪਣਾ ਪੁੱਤਰ ਪ੍ਰਹਿਲਾਦ ਹੀ ਉਸ ਦੀ ਗੱਲ ਨਹੀਂ ਮੰਨ ਰਿਹਾ ਅਤੇ ਉਸ ਦਾ ਨਾਮ ਨਹੀਂ ਜਪ ਰਿਹਾ

ਤਾਂ ਹਰਨਾਖਸ਼ ਨੇ ਵੇਖਿਆ ਕਿ ਪ੍ਰਹਿਲਾਦ ਉਸ ਦੀ ਸ਼ਕਤੀ ਅਤੇ ਅਹੰਕਾਰ ਦੇ ਵਧਣ ਵਿੱਚ ਰੁਕਾਵਟ ਬਣ ਰਿਹਾ ਹੈ, ਉਦੋਂ ਹਰਨਾਖਸ਼ ਨੇ ਆਪਣੇ ਪੁੱਤਰ ਪ੍ਰਹਿਲਾਦ ਨੂੰ ਜੇਲ ਵਿੱਚ ਪਾਇਆ ਅਤੇ ਖਤਮ ਕਰਨ ਦੀ ਹਰ ਪ੍ਰਕਾਰ ਦੀ ਕੋਸ਼ਿਸ਼ ਕੀਤੀ।

ਇਸੇ ਤਰ੍ਹਾਂ ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਵੀ ਆਪਣੇ ਲੜਕੇ ਖੁਸਰੋ ਨੂੰ ਚਮੜੇ ਵਿੱਚ ਮੜ੍ਹ ਕੇ ਮਾਰ ਦਿੱਤਾ ਸੀ, ਕਿਉਂਕਿ ਉਸ ਨੇ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਅੱਬਾ (ਪਿਤਾ ਜੀ) ਤੁਸੀਂ ਹੁਣ ਬੁੱਢੇ ਹੋ ਚੁਕੇ ਹੋ, ਤੁਸੀਂ ਖੁਦਾ ਦੀ ਬੰਦਗੀ ਕਰਨੀ ਸ਼ੁਰੂ ਕਰ ਦੇਵੋ ਅਤੇ ਰਾਜ ਸੱਤਾ ਨੂੰ ਮੇਰੇ ਹਵਾਲੇ ਕਰ ਦਿਓ। ਜਹਾਂਗੀਰ ਨੂੰ ਐਸੀ ਸੱਟ ਲੱਗੀ ਕਿ ਰਾਜ ਸੱਤਾ ਦੇ ਅਹੰਕਾਰ ਵਿੱਚ, ਆਪਣੇ ਹੀ ਪੁੱਤਰ ਨੂੰ ਬੁਰੀ ਤਰ੍ਹਾਂ ਮਾਰਿਆ।

ਅਹੰਕਾਰ ਵਸ ਔਰੰਗਜੇਬ ਨੇ ਆਪਣੇ ਪੁੱਤਰ ਬਹਾਦਰ ਸ਼ਾਹ ਨੂੰ ਵੀ ਕਈ ਸਾਲ ਜੇਲ ਵਿੱਚ ਰੱਖਿਆ। ਔਰੰਗਜੇਬ ਨੂੰ ਬਾਰ ਬਾਰ ਖਿਆਲ ਆਉਂਦਾ ਸੀ ਕਿ ਜੇ ਉਸ ਨੇ ਆਪਣੇ ਬੁਢੇ ਪਿਓ ਤੋਂ ਤਖਤ ਖੋਹ ਲਿਆ ਸੀ, ਕਿਤੇ ਐਸਾ ਨਾ ਹੋਵੇ ਕਿ ਉਸ ਦਾ ਪੁੱਤਰ (ਬਹਾਦਰ ਸ਼ਾਹ) ਜੋ ਜਵਾਨ ਹੋ ਗਿਆ ਹੈ, ਵੀ ਉਸ ਕੋਲੋ ਰਾਜ ਸੱਤਾ ਜਬਰਦਸਤੀ ਖੋਹ ਲਵੇ।

ਗੱਲ ਸਿਰਫ ਉਕਤ ਰਾਜੇ, ਮਹਾਰਾਜਿਆਂ ਤੱਕ ਹੀ ਸੀਮਤ ਨਹੀਂ ਹੈ। ਰਾਜ-ਸੱਤਾ ਵਿੱਚ ਆਉਣ ਤੇ ਅਹੰਕਾਰ ਵਸ ਰਾਜੇ-ਮਹਾਰਾਜੇ ਜਿਆਦਾਤਰ, ਆਪਣੀ ਸੱਤਾ ਕਾਇਮ ਰੱਖਣ ਲਈ ਹਰ ਤਰ੍ਹਾਂ ਦੇ ਹੀਲੇ ਵਸੀਲੇ ਆਪਣੀ ਪ੍ਰਜਾ ਦੇ ਖਿਲਾਫ ਹਮੇਸਾਂ ਹੀ ਵਰਤਦੇ ਆ ਰਹੇ ਹਨ। ਭਾਵੇਂ ਕਿ ਅਜੋਕੇ ਸਮੇਂ ਦੀ ਹੀ ਗੱਲ ਕਰ ਲਈਏ, ਸੱਤਾ ਵਿੱਚ ਮਗਰੂਰ ਰਾਜਨੀਤਕ ਪਾਰਟੀ, ਆਪਣੀ ਰਾਜ ਸੱਤਾ ਲਗਾਤਾਰ ਚਾਲੂ ਰੱਖਣ ਲਈ, ਮਾਨਸਿਕ ਤੌਰ ਤੇ ਪਰਜਾ ਨੂੰ ਡਰਾ ਕੇ ਹੀ ਰੱਖਦੀ ਹੈ, ਚਾਹੇ ਉਹ ਗਰੀਬ ਹੋਵੇ, ਬੀਮਾਰ ਹੋਵੇ, ਨਸ਼ਾਖੋਰੀ ਹੋਵੇ, ਕਾਨੂੰਨ ਦੀ ਮਾੜੀ ਅਵਸਥਾ ਹੋਵੇ, ਸਿੱਖਿਆ ਦਾ ਖੇਤਰ ਹੋਵੇ ਆਦਿਕ। ਹਰੇਕ ਪਾਰਟੀ ਇਹ ਹੀ ਦਾਅਵੇ ਕਰਦੀ ਹੈ ਕਿ ਉਹ ਹੀ ਇਨ੍ਹਾਂ ਮੁਸ਼ਕਲਾਂ ਨੂੰ ਦੂਰ ਕਰ ਸਕਦੀ ਹੈ ਅਤੇ ਇਨ੍ਹਾਂ ਮੁਸੀਬਤਾਂ ਵਿੱਚ, ਆਪ ਹੀ ਫਸਾਏ ਹੋਏ ਲੋਕਾਂ ਦੀ ਬਾਂਹ ਪਕੜਨ ਦੇ ਝੂਠੇ ਲਾਰੇ ਲਾ ਦਿੱਤੇ ਜਾਂਦੇ ਹਨ। ਅੱਜ ਕੱਲ ਤਾਂ ਆਮ ਆਦਮੀ ਨੂੰ ਵੀ ਰੋਜਾਨਾ ਵੱਖਰੇ ਵੱਖਰੇ ਸੰਚਾਰ-ਸਾਧਨਾਂ ਰਾਹੀਂ ਪਤਾ ਚਲਦਾ ਰਹਿੰਦਾ ਹੈ ਕਿ ਰਾਜਨੀਤਕ ਲੀਡਰ ਸ਼ਰੇਆਮ, ਸੱਤਾ ਵਿੱਚ ਆਉਣ ਲਈ ਜਾਂ ਸੱਤਾ ਵਿੱਚ ਰਹਿਣ ਲਈ ਕਿੰਨਾ ਜ਼ਿਆਦਾ ਝੂਠ ਤੁਫਾਨ ਬੋਲਦੇ ਰਹਿੰਦੇ ਹਨ। ਕਹਿੰਦੇ ਕੁਝ ਹਨ ਤੇ ਕਰਦੇ ਕੁਝ ਹਨ। ਇਸ ਤਰ੍ਹਾਂ ਪਬਲਿਕ ਵਾਸਤੇ ਵੀ ਬੜਾ ਮੁਸ਼ਕਿਲ ਹੈ ਕਿ ਜਾਵੇ ਤਾਂ ਕਿਧਰ ਜਾਵੇ। ਇਹ ਤਾਂ ਉਹ ਗੱਲ ਹੋਈ ਪਈ ਹੈ ਕਿ ਇੱਕ ਪਾਸੇ ਖੂਹ ਅਤੇ ਦੂਜੇ ਪਾਸੇ ਖਾਈ। ਜਨਤਾ ਨੇ ਤਾਂ ਦੁੱਖੀ ਰਹਿਣਾ ਹੀ ਰਹਿਣਾ ਹੈ। ਪਰ ਸੱਤਾ ਵਿੱਚ ਅਹੰਕਾਰੇ ਲੀਡਰਾਂ ਨੇ ਤਾਂ ਪਬਲਿਕ ਦੀਆਂ ਅੱਖਾਂ ਵਿੱਚ ਘੱਟਾ ਪਾਉਂਦੇ ਹੀ ਰਹਿਣਾ ਹੈ।

ਇਸ ਤਰ੍ਹਾਂ ਅਹੰਕਾਰੀ ਹਰ ਜਗ੍ਹਾ ਆਪਣਾ ਸਿਰ ਉੱਚਾ ਰੱਖਦਾ ਹੈ। ਇਹ ਬਾਦਸ਼ਾਹ

ਅਤੇ ਰਾਜਨੀਤਕ ਲੋਕਾਂ ਵਿੱਚ ਆਮ ਹੁੰਦਾ ਹੈ। ਧਾਰਮਿਕ ਜਗਤ ਵਿੱਚ ਵੀ ਅਹੰਕਾਰ ਪ੍ਰਬਲ ਰਹਿੰਦਾ ਹੈ। ਜਿੰਨ੍ਹਾਂ ਚਿਰ ਅਹੰਕਾਰ ਵਾਸ਼ਨਾ ਹੈ ਅਤੇ ਦੂਸਰਿਆਂ ਨੂੰ ਨੀਵਾ ਦਿਖਾਉਣ ਦੀ ਮਨੋਵ੍ਰਿਤੀ (ਰੁਚੀ) ਹੈ, ਇਹ ਮਨੁੱਖ ਨੂੰ ਆਪਣੇ ਅਸਲੇ ਤੋਂ ਦੂਰ ਲੈ ਜਾਂਦੀ ਹੈ।

ਅਹੰਕਾਰ ਜੀਵਾਂ ਦੇ ਜਨਮ ਮਰਨ ਦਾ ਕਾਰਨ ਹੈ। ਪ੍ਰਮਾਤਮਾ ਦਾ ਸਿਮਰਨ ਹੀ ਇਸ ਰੋਗ ਤੋਂ ਬਚਾਅ ਕਰ ਸਕਦਾ ਹੈ। ਅਹੰਕਾਰ ਵਸ ਹੋ ਕੇ ਮਨੁੱਖ ਅਨੇਕਾਂ ਵੈਰੀ ਵੀ ਸਹੇੜ ਲੈਂਦਾ ਹੈ, ਜਿਵੇਂ ਇਸ ਸਬੰਧ ਵਿੱਚ ਗੁਰਬਾਣੀ ਦਾ ਫੁਰਮਾਨ ਹੈ :

ਹੇ ਜਨਮ ਮਰਣ ਮੂਲੰ ਅਹੰਕਾਰੰ ਪਾਪਾਤਮਾ ॥ ਮਿਤ੍ਰੰ ਤਜੰਤਿ ਸਤ੍ਰੰ ਦ੍ਰਿੜੰਤਿ ਅਨਿਕ ਮਾਯਾ ਬਿਸ੍ਤੀਰਨਹ ॥ ਆਵੰਤ ਜਾਵੰਤ ਥਕੰਤ ਜੀਆ ਦੁਖ ਸੁਖ ਬਹੁ ਭੋਗਣਹ ॥ ਭ੍ਰਮ ਭਯਾਨ ਉਦਿਆਨ ਰਮਣੰ ਮਹਾ ਬਿਕਟ ਅਸਾਧ ਰੋਗਣਹ ॥ ਬੈਦ੍ਯੰ ਪਾਰਬ੍ਰਹਮ ਪਰਮੇਸ੍ਵਰ ਆਰਾਧਿ ਨਾਨਕ ਹਰਿ ਹਰਿ ਹਰੇ ॥੪੯॥ (ਅੰਗ-੧੩੫੮)

ਇਥੇ ਹੀ ਬਸ ਨਹੀਂ, ਅਹੰਕਾਰ ਆਤਮਿਕ ਜੀਵਨ ਨੂੰ ਵੀ ਖਤਮ ਕਰ ਦਿੰਦਾ ਹੈ। ਮਾਇਆ ਤਿਆਗਣ ਨਾਲ ਵੀ ਕੁਝ ਨਹੀਂ ਸੰਵਰਦਾ ਜੇਕਰ ਅਹੰਕਾਰ ਨਹੀਂ ਤਿਆਗਿਆ। ਇਸ ਸੰਬੰਧੀ ਗੁਰਬਾਣੀ ਦਾ ਫੁਰਮਾਨ ਹੈ :

ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ ॥
ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ॥੧੫੬॥ (ਅੰਗ-੧੩੭੨)

ਜੇਕਰ ਪ੍ਰਭੂ ਦੀ ਭਗਤੀ ਕਰਕੇ ਹੰਕਾਰ ਹੋ ਗਿਆ ਤਦ ਉਸ ਭਗਤੀ ਦਾ ਕੋਈ ਲਾਭ ਨਹੀਂ। ਭਗਤ ਕਬੀਰ ਜੀ ਫਰਮਾਉਂਦੇ ਹਨ ਕਿ ਮੈਨੂੰ ਸੱਚਾ ਸਤਿਗੁਰੂ ਮਿਲ ਗਿਆ ਹੈ ਅਤੇ ਉਨ੍ਹਾਂ ਨੂੰ ਪੂਰੇ ਗੁਰੂ ਦਾ ਸ਼ਬਦ ਤੀਰ ਵਾਂਗ ਲੱਗਾ ਅਤੇ ਉਨ੍ਹਾਂ ਦਾ ਹਿਰਦਾ ਗੁਰੂ ਚਰਨਾਂ ਵਿੱਚ ਪ੍ਰੋਤਾ ਗਿਆ ਅਤੇ ਅਹੰਕਾਰ ਮਿੱਟੀ ਵਿੱਚ ਮਿਲ ਗਿਆ। ਕਬੀਰ ਸਾਹਿਬ ਫੁਰਮਾਉਂਦੇ ਹਨ ਕਿ ਜੇਕਰ ਸਿਖਾਂ ਵਿੱਚ ਹੀ ਉਕਾਈ ਹੋਵੇ ਤਾਂ ਸਤਿਗੁਰੂ ਵੀ ਉਨ੍ਹਾਂ ਦਾ ਕੁਝ ਨਹੀਂ ਸਵਾਰ ਸਕਦਾ। ਜਿਹੜਾ ਮਨੁੱਖ ਅਹੰਕਾਰ ਵਿੱਚ ਅੰਨਾ ਹੋਇਆ ਰਹੇ, ਗੁਰੂ ਦੀ ਸਿੱਖਿਆ ਉਸ ਤੇ ਅਸਰ ਨਹੀਂ ਕਰਦੀ। ਜਿਵੇਂ ਬਾਂਸ ਵਿੱਚ ਫੂਕ ਮਾਰਿਆ, ਇੱਕ ਸਿਰੇ ਤੋਂ ਦੂਜੇ ਸਿਰੇ ਨਿਕਲ ਜਾਂਦੀ ਹੈ, ਤਿਵੇਂ ਅਹੰਕਾਰੀ ਦੇ ਇੱਕ ਕੰਨ ਤੋਂ ਦੂਜੇ ਕੰਨ ਰਾਹੀਂ ਗੁਰੂ ਦੀ ਸਿੱਖਿਆ ਅਸਰ ਕਰਨ ਤੋਂ ਬਿਨ੍ਹਾਂ ਹੀ ਨਿਕਲ ਜਾਂਦੀ ਹੈ। ਇਸ ਸੰਬੰਧੀ ਗੁਰਬਾਣੀ ਦਾ ਫੁਰਮਾਨ ਹੈ :

ਕਬੀਰ ਸਾਚਾ ਸਤਿਗੁਰੁ ਮੈ ਮਿਲਿਆ ਸਬਦੁ ਜੁ ਬਾਹਿਆ ਏਕੁ ॥ ਲਾਗਤ ਹੀ ਭੁਇ ਮਿਲਿ ਗਇਆ ਪਰਿਆ ਕਲੇਜੇ ਛੇਕੁ ॥੧੫੭॥ ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥ ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥੧੫੮॥ (ਅੰਗ-੧੩੭੨)

ਇਸ ਸਭ ਕੁਝ ਨੂੰ ਵੇਖਦਿਆਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਪੈਰੋਕਾਰਾਂ ਨੂੰ

'ਸਿਖ' ਦਾ ਨਾਂ ਦਿੱਤਾ। ਭਾਵ ਕਿ, ਮੈਂ ਕੁਝ ਨਹੀਂ ਜਾਣਦਾ, ਮੈਂ ਸਿੱਖਣ ਲਈ ਆਇਆ ਹਾਂ, ਮੈਂ ਸਿਖਣਾ ਚਾਹੁੰਦਾ ਹਾਂ। ਮੈਂ ਸੱਚ ਨੂੰ, ਧਰਮ ਨੂੰ ਅਤੇ ਦੈਵੀ ਗੁਣਾਂ ਨੂੰ ਸਿਖਣਾ ਚਾਹੁੰਦਾ ਹਾਂ। ਪਰ ਅੱਜ ਸਾਡੇ ਵਿੱਚ ਵੀ ਬਹੁਤ ਤਰੁੱਟੀਆਂ ਆ ਗਈਆਂ ਹਨ। ਅਹੰਕਾਰੀ ਵਾਸ਼ਨਾ ਕਰਕੇ ਗੁਰਦੁਆਰਿਆਂ ਦੇ ਪ੍ਰਬੰਧਕ ਹੀ ਆਪਸ ਵਿੱਚ ਟਕਰਾ ਰਹੇ ਹਨ, ਅਹੰਕਾਰੀਆਂ ਨੂੰ ਅਸੀਂ ਗੁਰਦੁਆਰਿਆਂ ਵਿੱਚ ਹੀ ਲੜਦੇ ਵੇਖ ਰਹੇ ਹਾਂ, ਜੋ ਕਿ ਬੜੀ ਮੰਦ ਭਾਗੀ ਗੱਲ ਹੈ ਅਤੇ ਗੁਰੂ ਜੀ ਦੀ ਮੂਲ ਸਿੱਖਿਆ ਤੋਂ ਹੀ ਦੂਰ ਹੋਣ ਵਾਲੀ ਗੱਲ ਹੋ ਗਈ ਹੈ।

ਸੋ ਸਤਿ, ਸੰਤੋਖ ਤੇ ਧੀਰਜ ਹੋਣਾ ਚਾਹੀਦਾ ਹੈ। ਪ੍ਰੰਤੂ ਅਜਿਹਾ ਉਦੋਂ ਹੀ ਸੰਭਵ ਹੈ ਜਦੋਂ ਗੁਰੂ ਕ੍ਰਿਪਾ ਨਾਲ ਗੁਰੂ ਦਾ ਗਿਆਨ ਹਿਰਦੇ ਵਿੱਚ ਵਸੇ, ਅਤੇ ਪ੍ਰਭੂ-ਚਿੰਤਨ (ਸਿਮਰਨ) ਵੀ ਚਲਦਾ ਰਹੇ। ਅਹੰਕਾਰ-ਵਾਸ਼ਨਾ ਜਦੋਂ ਪ੍ਰਭੂ-ਚਿੰਤਨ ਨਾਲ ਪ੍ਰਾਰਥਨਾ ਬਣਦੀ ਹੈ ਤਾਂ ਵਿਨਿਮਰਤਾ ਨੂੰ ਜਨਮ ਦਿੰਦੀ ਹੈ। ਪਹਿਲਾਂ ਜੋ ਕਿਸੇ ਦੇ ਸਿਰਿ ਤੇ ਬੈਠ ਕੇ ਖੁਸ਼ੀ ਹੁੰਦੀ ਸੀ, ਅੱਜ ਹਰ ਇੱਕ ਦੇ ਕਦਮਾਂ ਦੀ ਖਾਕ ਬਣਕੇ ਪ੍ਰਸੰਨਤਾ ਮਿਲਦੀ ਹੈ। ਐਸਾ ਮਨੁਖ ਜਗਤ ਦੇ ਚਰਨਾਂ ਦੀ ਧੂੜ ਬਣ ਜਾਂਦਾ ਹੈ, ਜਿਵੇਂ ਗੁਰਬਾਣੀ ਦਾ ਫੁਰਮਾਨ ਹੈ :

ਸਗਲ ਚਰਨ ਕੀ ਇਹੁ ਮਨੁ ਰਾਲਾ ॥ (ਅੰਗ-੩੮੪)

ਨਿਰਮਾਣ ਮਨੁੱਖ ਗੁਪਤ ਹੋ ਜਾਣਾ ਚਾਹੁੰਦਾ ਹੈ ਅਤੇ ਉਹ ਗੁਪਤ ਹੀ ਰਹਿੰਦਾ ਹੈ। ਉਸ ਦੀ ਭਜਨ-ਬੰਦਗੀ, ਉਸ ਦਾ ਦਾਨ, ਉਸ ਦਾ ਗਿਆਨ ਸਭ ਕੁਝ ਗੁਪਤ ਰਹਿੰਦਾ ਹੈ। ਜਦੋਂ ਇਨ੍ਹਾਂ ਚੀਜਾਂ ਦੀ ਪ੍ਰਦਰਸ਼ਨੀ ਹੈ, ਤਾਂ ਫਿਰ ਇਹ ਪਖੰਡ ਹੈ ਅਤੇ ਅਹੰਕਾਰ ਹੈ। ਪਰੰਤੂ ਵਿਨਿਮਰ ਮਨੁੱਖ ਇਸ ਢੰਗ ਨਾਲ ਜਿਉਂਦਾ ਹੈ :

ਮੋ ਕਉ ਕੋਇ ਨ ਜਾਨਤ ਕਹੀਅਤ ਦਾਸੁ ਤੁਮਾਰਾ ॥ (ਅੰਗ-੧੦੦੫)

ਇਹ ਬਿਰਤੀ ਬਣ ਜਾਂਦੀ ਹੈ ਕਿ ਉਸ ਨੂੰ ਕੋਈ ਨਾ ਜਾਣੈ। ਜੈਸੇ-ਜੈਸੇ ਮਨੁੱਖ ਦੀ ਜਾਣਕਾਰੀ ਪ੍ਰਮਾਤਮਾ ਪ੍ਰਤੀ ਵਧਦੀ ਜਾਂਦੀ ਹੈ, ਵੈਸੇ ਵੈਸੇ ਉਹ ਗੁੰਮਨਾਮ ਹੋਣਾ ਚਾਹੁੰਦਾ ਹੈ ਅਤੇ ਉਸ ਵਿੱਚ ਧੀਰਜ (ਸਹਿਣ-ਸ਼ਕਤੀ) ਵਧ ਜਾਂਦੀ ਹੈ। ਪ੍ਰਭੂ-ਚਿੰਤਨ ਨਾਲ ਵਾਸ਼ਨਾਵਾਂ ਨਹੀਂ ਰਹਿੰਦੀਆਂ, ਸਗੋਂ ਸਬਰ-ਸੰਤੋਖ ਅਤੇ ਦਾਨੀ ਬਿਰਤੀਆਂ ਬਣ ਜਾਂਦੀਆਂ ਹਨ। ਇਹ ਚਿੰਤਨ ਜਦੋਂ ਅਹੰਕਾਰ ਦੀ ਵਾਸ਼ਨਾ ਨੂੰ ਛੂੰਹਦਾ ਹੈ ਤਾਂ ਨਿਰਮਾਣਤਾ ਨੂੰ ਜਨਮ ਦਿੰਦਾ ਹੈ। ਇਹ ਨਿਰਮਾਣਤਾ ਫਿਰ ਇਵੇਂ ਹੁੰਦੀ ਹੈ ਜਿਵੇਂ ਦਰਖਤ ਦੇ ਫਲ ਪੱਕ ਗਏ ਹੋਣ, ਰਸ ਨਾਲ ਭਰਕੇ ਝੁਕ ਗਏ ਹੋਣ ਅਤੇ ਕੋਈ ਖਾਵੇ, ਕੋਈ ਲਵੇ, ਕੋਈ ਦਰਖਤ ਦੀ ਛਾਂ ਦਾ ਅਨੰਦ ਮਾਣੇ, ਤਾਂ ਉਹ ਕਿਸੇ ਨੂੰ ਕੁਝ ਨਹੀਂ ਕਹਿੰਦਾ। ਇਸ ਤਰ੍ਹਾਂ ਉਸ ਦੀ ਨਿਰਮਾਣਤਾ ਵਿੱਚ ਮਿਠਾਸ ਅਤੇ ਸੀਤਲਤਾ ਦੀ ਛਾਂ ਹੁੰਦੀ ਹੈ। ਮਨੁੱਖ ਦਾ ਸੁਭਾਅ ਵੀ ਠੀਕ ਇਸੇ ਤਰ੍ਹਾਂ ਦਾ ਬਣ ਜਾਂਦਾ ਹੈ। ਇਸ ਬਾਰੇ ਗੁਰਬਾਣੀ ਦਾ ਫੁਰਮਾਨ ਹੈ :

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥ (ਅੰਗ-੪੭੦)

ਇਸ ਤਰ੍ਹਾਂ ਜਿਵੇਂ ਸਾਰੀਆਂ ਚੰਗਿਆਈਆਂ ਦਾ ਨਿਚੋੜ ਮਿਠਾਸ ਤੇ ਨਿਮਰਤਾ ਹੈ, ਠੀਕ ਇਸੇ ਤਰ੍ਹਾਂ ਸਾਰੀ ਕੁੜੱਤਣ ਦਾ ਅੰਬਾਰ ਅਹੰਕਾਰ ਹੈ।

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਜਦੋਂ ਪ੍ਰਭੂ ਭਗਤੀ, ਪ੍ਰੇਮਾ ਭਗਤੀ, ਅਹੰਕਾਰ ਅਤੇ ਦੂਜੀਆਂ ਵਾਸ਼ਨਾਵਾਂ ਨੂੰ ਛੂੰਹਦੀ ਹੈ ਤਾਂ ਪ੍ਰਾਰਥਨਾ ਰੂਪ ਧਾਰਨ ਕਰਦੀ ਹੈ ਅਤੇ ਉਦੋਂ ਪ੍ਰੇਮ ਉਜਾਗਰ ਹੁੰਦਾ ਹੈ, ਅਤੇ ਇਸ ਵਿੱਚ ਮਨ ਇਸ਼ਨਾਨ ਕਰਕੇ ਪ੍ਰਭੂ ਮਈ ਹੋ ਜਾਂਦਾ ਹੈ। ਸੋ ਗੁਰੂ ਵਾਲਾ ਬਣ ਕੇ, ਗੁਰੂ ਸ਼ਬਦ ਦੀ ਕਮਾਈ ਕਰਕੇ ਅਤੇ ਪ੍ਰਭੂ-ਚਿੰਤਨ ਵਿੱਚ ਲੀਨ ਹੋ ਕੇ ਹੀ , ਸਾਡੇ ਲਈ, ਲੋਕ ਸੁਖੀਏ ਪ੍ਰਲੋਕ ਸੁਹੇਲੇ ਵਾਲੀ ਗੱਲ ਬਣ ਸਕਦੀ ਹੈ। ਇਸ ਦਾ ਹੋਰ ਕੋਈ ਬਦਲ ਨਹੀਂ ਹੈ।

ਪ੍ਰੰਤੂ ਫਿਰ ਵੀ ਇਹ ਗੱਲ ਪੱਕਾ ਮਨ ਵਿੱਚ ਠਹਿਰਾਉਣ ਲਈ ਦੁਹਰਾਈ ਜਾਂਦੀ ਹੈ ਕਿ ਇਸ ਸੰਸਾਰ ਸਮੁੰਦਰ ਵਿੱਚ ਵਿਕਾਰਾਂ ਦੀ ਝੜੀਆਂ ਲੱਗੀਆਂ ਹੋਈਆਂ ਹਨ, ਵਿਕਾਰਾਂ ਦੇ ਹੜ੍ਹ ਆ ਰਹੇ ਹਨ। ਜੇ ਮਨੁੱਖ ਜਿੰਦਗੀ ਦੀ ਬੇੜੀ ਨੂੰ ਬਚਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਇਸ ਸੰਬੰਧੀ ਗੁਰੂ ਪਾਸ ਪੁਕਾਰ ਕਰਨੀ ਚਾਹੀਦੀ ਹੈ ਅਤੇ ਇਸ ਤਰ੍ਹਾਂ ਉਸ ਦੀ ਜੀਵਨ ਬੇੜੀ ਦੇ ਇਸ ਸੰਸਾਰ ਸਮੁੰਦਰ ਵਿੱਚ ਡੁਬ ਜਾਣ ਬਾਰੇ ਕੋਈ ਖਤਰਾ ਨਹੀਂ ਰਹਿ ਜਾਏਗਾ। ਇਸ ਸਬੰਧੀ ਗੁਰਬਾਣੀ ਦਾ ਫੁਰਮਾਨ ਹੈ :

ਝੜ ਝਖੜ ਓਹਾੜ ਲਹਰੀ ਵਹਨਿ ਲਖੇਸਰੀ ॥
ਸਤਿਗੁਰ ਸਿਉ ਆਲਾਇ ਬੇੜੇ ਡੁਬਣਿ ਨਾਹਿ ਭਉ ॥੪॥ (ਅੰਗ-੧੪੧੦)

-o-o-o-

## ਮੋਰਚਾ ਗੁਰਦੁਆਰਾ ਗੰਗਸਰ ਜੈਤੋ... (ਪੰਨਾ 29 ਦਾ ਬਾਕੀ)

ਗਰਮੀ ਦੀ ਰੁੱਤ ਸੀ, ਸੇਵਾਦਾਰਾਂ ਨੇ ਸੰਤ ਅਤਰ ਸਿੰਘ ਜੀ ਉੱਤੇ ਛੱਤਰ ਤਾਣ ਦਿੱਤਾ। ਪਰ ਬਾਬਾ ਜੀ ਨੇ ਛਤਰੀ ਹਟਾਉਦਿਆਂ ਕਿਹਾ ਕਿ ਮੈਂ ਇਨ੍ਹਾਂ ਧਰਮੀ ਸਿੰਘਾ ਦੀ ਛਾਂ ਵਿੱਚ ਹੀ ਨੀਵਾਂ ਹੋ ਕੇ ਚੱਲਣ ਨੂੰ ਆਪਣੇ ਵੱਡੇ ਭਾਗ ਸਮਝਦਾ ਹਾਂ। ਖਾਲਸਾ ਸਾਰੇ ਜਗਤ ਦੇ ਦੁਖੀਆਂ ਦਾ ਛਤਰ ਹੈ। ਮੈਂ ਇਸ ਨਿਰਮਲ ਰੂਪ, ਦਇਆ ਵਾਨ ਖਾਲਸੇ ਦੀ ਠੰਡੀ ਛਾਂ ਵਿੱਚ ਹਾਂ ਤੇ ਜੈਤੋਂ ਦੇ ਸਮੂਹ ਸ਼ਹੀਦਾਂ ਨੂੰ ਸਾਡੀ ਨਿੰਮਰਤਾ ਭਰੀ ਫਤਿਹ ਹੈ।

ਧੰਨ ਸਨ ਉਹ ਸੂਰਬੀਰ ਗੁਰੂ ਕਲਗੀਧਰ ਦੇ ਲਾਡਲੇ ਸਪੂਤ ਜਿਨ੍ਹਾਂ ਨੇ ਕੌਮੀ ਅਜ਼ਾਦੀ, ਧਾਰਮਿਕ ਆਜ਼ਾਦੀ, ਗੁਰਦੁਆਰਿਆਂ ਦੇ ਪ੍ਰਬੰਧ ਵਿੱਚ ਸੁਧਾਰ ਹਿਤ ਕੁਰਬਾਨੀਆਂ ਕੀਤੀਆਂ। ਅਜ ਵੀ ਸਿੱਖ ਕੌਮ ਨੂੰ ਬਹੁਤ ਸਾਰੇ ਮਸਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਇਨ੍ਹਾਂ ਮਰਜੀਵੜੇ ਸਿੰਘਾਂ ਦੀਆਂ ਕੁਰਬਾਨੀਆਂ ਦੇ ਚਾਨਣ ਵਿੱਚ ਸਿੱਖੀ ਸ਼ਾਨ ਕਾਇਮ ਰੱਖਣੀ ਬਣਦੀ ਹੈ। ਕੌਮ ਦੇ ਨੇਤਾਵਾਂ ਨੂੰ ਵੀ ਆਪਣੇ ਨਿਜੀ ਸੁਆਰਥਾਂ ਤੋਂ ਉਪਰ ਉੱਠ ਕੇ ਗੁਰਦੁਆਰਾ ਸੁਧਾਰ ਲਹਿਰ ਸਮੇਂ ਦੇ ਸਿੱਖ ਨੇਤਾਵਾਂ ਦੇ ਕਦਮਾਂ ਤੇ ਚਲਣਾ ਚਾਹੀਦਾ ਹੈ। -o-o-o-

# ਖਬਰਾਬਲੀ :

## ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨਹੀਂ ਰਹੇ

ਸ੍ਰੀ ਮੁਕਤਸਰ ਸਾਹਿਬ, ੫ ਜਨਵਰੀ : ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਸਦੀਵੀ ਵਿਛੋੜਾ ਦੇ ਗਏ। ਆਪ ਕਰੀਬ ੯੦ ਵਰ੍ਹਿਆਂ ਦੇ ਸਨ ਤੇ ਕੁਝ ਸਮੇਂ ਤੋਂ ਬਿਮਾਰ ਚੱਲ ਰਹੇ ਸਨ। ੫ ਜਨਵਰੀ ਕਰੀਬ ੪ ਵਜੇ ਉਨ੍ਹਾਂ ਦੇ ਫਾਰਮ ਹਾਊਸ ਬੂੜਾ ਗੁੱਜਰ ਰੋਡ ਸ੍ਰੀ ਮੁਕਤਸਰ ਸਾਹਿਬ ਵਿਖੇ ਅੰਮਿਤ ਸੰਸਕਾਰ ਕੀਤਾ ਗਿਆ।

## ਸ੍ਰੀ ਨਨਕਾਣਾ ਸਾਹਿਬ 'ਚ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ

### * ਪਾਕਿ ਸਿੱਖ ਨੌਜਵਾਨਾਂ ਨੇ ਵਿਖਾਏ ਗਤਕੇ ਦੇ ਜੌਹਰ

### * ਸਕੂਲ ਬੱਚਿਆਂ ਦੇ ਖੇਡ ਤੇ ਦਸਤਾਰ ਮੁਕਾਬਲੇ ਕਰਵਾਏ

ਅੰਮ੍ਰਿਤਸਰ ੫ ਜਨਵਰੀ : ਪਾਕਿਸਤਾਨ ਦੇ ਜਿਲ੍ਹਾ ਸ੍ਰੀ ਨਨਕਾਣਾ ਸਾਹਿਬ ਦੇ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਵਲੋਂ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਿਕ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ ਗਿਆ।

## ਸ਼੍ਰੋਮਣੀ ਕਮੇਟੀ ਨੇ 'ਐਕਸ' (ਟਵਿੱਟਰ) ਨੂੰ ਭੇਜਿਆ ਨੋਟਿਸ

### ਸਿੱਖ ਸੰਸਥਾ ਦੇ ਨਾਂਅ ਤੇ ਫਰਜੀ ਖਾਤੇ ਦੇ ਮਾਮਲੇ 'ਚ ਆਰੰਭੀ ਕਾਨੂੰਨੀ ਕਾਰਵਾਈ

ਅੰਮ੍ਰਿਤਸਰ ੧੧ ਜਨਵਰੀ : 'ਐਕਸ' (ਟਵਿੱਟਰ) ਵਿਰੁੱਧ ਸ਼੍ਰੋਮਣੀ ਕਮੇਟੀ ਵਲੋਂ ਸੰਸਥਾ ਦੇ ਇੱਕ 'ਫਰਜ਼ੀ ਐਕਸ ਖਾਤੇ' ਨੂੰ ਲੈ ਕੇ ਕਾਰਵਾਈ ਆਰੰਭ ਕਰਦਿਆਂ ਉਕਤ ਸੋਸ਼ਲ ਮੀਡੀਆ ਸੰਸਥਾ ਨੂੰ ਕਾਨੂੰਨੀ ਨੋਟਿਸ ਭੇਜਿਆ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਕਾਨੂੰਨੀ ਸਲਾਹਕਾਰ ਐਡਵੋਕੇਟ ਅਮਨਬੀਰ ਸਿੰਘ ਸਿਆਲੀ ਨੇ ਭੇਜੇ ਨੋਟਿਸ ਵਿੱਚ ਕਿਹਾ ਹੈ ਕਿ ਐਕਸ ਜਿਹੇ ਸੋਸ਼ਲ ਮੀਡੀਆ ਮੰਚਾਂ ਵਲੋਂ ਪੈਰੋਡੀ ਖਾਤਿਆਂ ਦੀ ਨੀਤੀ ਹੇਠ ਕਿਸੇ ਵੀ ਧਰਮ ਜਾਂ ਧਾਰਮਿਕ ਸੰਸਥਾ ਵਿਰੁੱਧ ਨਫਰਤੀ ਪ੍ਰਚਾਰ ਫੈਲਾਉਣਾ ਅਤੇ ਇਸ ਨੂੰ ਹੱਲਾਸ਼ੇਰੀ ਦੇਣੀ ਭਾਰਤੀ ਦੰਡ ਪ੍ਰਣਾਲੀ, ਸੂਚਨਾ ਤਕਨਾਲੋਜੀ ਐਕਟ ੨੦੦੧ ਅਤੇ ਸੂਚਨਾ ਤਕਨਾਲੋਜੀ ਨਿਯਮਾਂ ੨੦੨੧ ਦੀ ਉਲੰਘਣਾ ਹੈ।

Date of Publication :1st & 2nd of every Month. Posted Through MB
P.O. Regn. G/CHD/0090/2024-2026
Regd. Newspaper R.N.I. PUNPUN/ 2000/3037
'ਗੁਰਬਾਣੀ ਚਾਨਣੁ' (ਮਾਸਿਕ ਪੱਤ੍ਰਿਕਾ)
If Undelivered Return to: Bhawan No. 6, Phase-3-A (Sec-53)
S.A.S. Nagar, MOHALI (Chandigarh) - 160059 (INDIA)

# ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ ॥

(ਅੰਗ-੧੧੦੮)

## ਮਹੀਨਾ ਫੱਗਣ

**ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ ॥ ਅਨਦਿਨੁ ਰਹਸੁ ਭਇਆ ਆਪੁ ਗਵਾਇਆ ॥ ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ ਕਰਿ ਕਿਰਪਾ ਘਰਿ ਆਓ ॥ ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਓ ॥ ਹਾਰ ਡੋਰ ਰਸ ਪਾਟ ਪਟੰਬਰ ਪਿਰਿ ਲੋੜੀ ਸੀਗਾਰੀ ॥ ਨਾਨਕ ਮੇਲਿ ਲਈ ਗੁਰਿ ਅਪਣੈ ਘਰਿ ਵਰੁ ਪਾਇਆ ਨਾਰੀ ॥੧੬॥**

ਫੱਗਣ ਦੇ ਮਹੀਨੇ ਵਿੱਚ ਮਨੁੱਖ ਦੇ ਮਨ ਵਿੱਚ ਖੇੜਾ ਹੈ ਕਿਉਂਕਿ ਉਸ ਨੂੰ ਅਪਣੇ ਮਾਲਕ ਪਰਮਾਤਮਾ ਦਾ ਪ੍ਰੇਮ ਚੰਗਾ ਲੱਗਦਾ ਹੈ। ਪ੍ਰੇਮ ਵਿੱਚ ਮਨੁੱਖ ਨੇ ਅਪਣਾ ਆਪ ਗਵਾ ਲਿੱਤਾ ਹੈ, ਇਸ ਲਈ ਉਸ ਦੇ ਮਨ ਵਿੱਚ ਦਿਨ ਰਾਤ ਦਾ ਅਨੰਦਮਈ ਖਿੜਾਓ ਬਣ ਗਿਆ ਹੈ।

ਜਦੋਂ ਜੀਵ-ਇਸਤਰੀ ਨੇ ਅਪਣੇ ਮਨ ਤੋਂ ਸੰਸਾਰੀ ਮੋਹ ਨੂੰ ਦੂਰ ਕਰ ਦਿੱਤਾ ਇਹ ਤਦ ਹੋਇਆ ਜਦੋਂ ਪਤੀ-ਪਰਮੇਸ਼ਰ ਨੂੰ ਚੰਗਾ ਲੱਗਾ। ਫੇਰ ਜੀਵ ਨੇ ਬੇਨਤੀ ਕੀਤੀ ਕਿ ਪ੍ਰਭੂ ਜੀ ਕ੍ਰਿਪਾ ਕਰਕੇ ਮੇਰੇ ਹਿਰਦੇ ਵਿੱਚ ਵਸ ਜਾਓ ਜੀ।

ਜੇਕਰ ਪਤੀ-ਪ੍ਰਮਾਤਮਾ ਨੂੰ ਚੰਗਾ ਨਾ ਲੱਗੇ ਤਾਂ ਉਸ ਦੇ ਮਹਲ ਅੰਦਰ ਜੀਵ-ਇਸਤਰੀ ਨੂੰ ਥਾਂ ਨਹੀਂ ਮਿਲੇਗੀ। ਹਾਰ, ਬਾਜੂਬੰਦ, ਰੇਸ਼ਮੀ ਕਪੜੇ ਆਦਿ ਤਾਂ ਹੀ ਚੰਗੇ ਲੱਗਦੇ ਹਨ ਜੇਕਰ ਇਹ ਸ਼ਿੰਗਾਰ ਪਰਮਾਤਮਾ ਨੂੰ ਚੰਗਾ ਲੱਗਦਾ ਹੋਵੇ।

ਗੁਰੂ ਨਾਨਕ ਸਾਹਿਬ ਜੀ ਫਰਮਾਉਂਦੇ ਹਨ ਕਿ ਜੋ ਇਸਤਰੀ ਗੁਰੂ ਸਾਹਿਬ ਨੇ ਅਪਣੇ ਨਾਲ ਮੇਲ ਲਈ ਹੈ, ਉਸ ਨੇ ਘਰ ਅਤੇ ਵਰ (ਪਤੀ) ਦੋਵੇਂ ਚੀਜਾਂ ਪਾ ਲਈਆਂ ਹਨ, ਉਹ ਸਦਾ ਲਈ ਸੁਹਾਗਣ ਹੋ ਗਈ ਹੈ।